# ਸੂਰਾ

ਮਾਸਕ ਪੱਤਰ


ਅੰਮ੍ਰਿਤਸਰ AMRITSAR


## ਗੁਰਦਵਾਰਾ ਜਨਮ ਅਸਥਾਨ

ਨਨਕਾਣਾ ਸਾਹਿਬ (ਪਾਕਿਸਤਾਨ)


ਫ਼ਰਵਰੀ ੧੯੭੬

Fe 1976

ਇਸ ਪਵਿਤਰ ਅਸਥਾਨ ਵਿਖੇ ੨੧ ਫ਼ਰਵਰੀ ੧੯੨੧ ਨੂੰ
ਮਹੰਤ ਨਰੈਣੂ ਦੇ ਹਥੋਂ ਅਨੇਕਾਂ ਸਿੰਘ ਸ਼ਹੀਦੀਆਂ ਪਾ ਗਏ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਗਰ ਗੁਨਾਹਗਾਰੇਮ ਹੱਕ ਬਖ਼ਸ਼ੰਦਾ ਅਸਤ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਗੁਰਮਤਿ ਰਮਜ਼ਾਂ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਉਹ ਬਖ਼ਸ਼ਿੰਦ ਅਸੀਂ ਹਾਂ ਪਾਪੀ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ 'ਤੀਰ' | ੫ |
| ਨਰਕ ਸੁਰਗ (੩) | ਭਾਈ ਸਾਹਿਬ ਰਣਧੀਰ ਸਿੰਘ ਜੀ | ੬ |
| ਪੂਰਬ ਕਰਮ ਅੰਕੁਰ ਜਬ ਪ੍ਰਗਟੇ... | ਭਾਈ ਰਾਮ ਸਿੰਘ ਜੀ | ੧੨ |
| ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਦੀ ਸਭਿਆਚਾਰਕ ਦੇਣ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੧੪ |
| ਈਰਾਨੀ ਪ੍ਰੇਤ ਤੋਂ ਛੁਟਕਾਰਾ | ਸ: ਅਮਰਜੀਤ ਸਿੰਘ ਜੀ | ੧੭ |
| ਗੁਨ ਗਾਵਹੁ ਨਿਤ ਨੀਤ (ਕਵਿਤਾ) | ਨਾ: ਸੂਬੇਦਾਰ ਹਰਭਜਨ ਸਿੰਘ ਜੀ | ੧੯ |
| ਸਿਖ ਧਰਮ ਤੇ ਮਾਸ ਸ਼ਰਾਬ—ਗੁਰਬਾਣੀ ਅਨੁਸਾਰ (੨) | ਜੇ. ਪੀ. ਸੰਗਤ ਸਿੰਘ ਜੀ | ੨੦ |
| ਜੀਵਨ-ਸੇਧਾਂ | 'ਸੂਰਾ' ਪਰਵਾਰ | ੨੫ |
| ਬੀਬੀ ਭਾਗਵੰਤੀ | ਸ: ਵਰਿਆਮ ਸਿੰਘ ਜੀ | ੨੯ |
| ਅਬਿਨਾਸ਼ੀ ਸੁਖ | ਗਿ: ਗੋਪਾਲ ਸਿੰਘ ਜੀ ਮਿਤਰ | ੩੨ |
| ਮਿੱਠੀਆਂ ਯਾਦਾਂ | ਡਾਕਟਰ ਪ੍ਰਗਟ ਸਿੰਘ ਜੀ | ੩੪ |
| ਮਨਮੁਖਤਾ ਦੀ ਸੁਧਾਈ | 'ਸੂਰਾ' ਪਰਵਾਰ | ੩੬ |
| ਪਿੰਡਾਂ ਵਿਚ ਕੀਰਤਨ-ਪਰਚਾਰ | " " | ੩੬ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਢਾਕੇ ਵਾਲੀ ਤਸਵੀਰ | ਡੀ. ਐਸ. ਲਾਇਲਪੁਰੀ | ੩੭ |
| ਹੋਈਏ ਸਦਾ ਸੁਹਾਗਣਾਂ ਮਹਿਕੇ ਸਦਾ ਬਸੰਤ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੩੯ |
| ਅਰਪਿਆ ਤ ਸੀਸ ਸੁ ਥਾਨ ਗੁਰ ..... ਪੈ (ਕਵਿਤਾ) | ਨਾ: ਸੂਬੇਦਾਰ ਹਰਭਜਨ ਸਿੰਘ ਜੀ ਸਿਧੂ | ੪੦ |


## ਗੁਰਪੁਰਬ ਤੇ ਦਿਨ ਦਿਹਾਰ

**ਸ੍ਰੀ ਗੁਰੂ ਹਰਿ ਰਾਇ ਜੀ ਅਵਤਾਰ ਧਾਰਿਆ** — **੧੩ ਫ਼ਰਵਰੀ**

**ਬਸੰਤ ਪੰਚਮੀ** — **੫ ਫ਼ਰਵਰੀ**

**ਸ਼ਹੀਦੀ ਸਾਕਾ ਨਨਕਾਣਾ ਸਾਹਿਬ** — **੨੧ ਫ਼ਰਵਰੀ**

## ਸੂਰਾ ਮਾਸਕ ਪੱਤਰ ਨੂੰ ਘਰ ਘਰ ਪਹੁੰਚਾਓ

ਸੁਹਿਰਦ ਪਾਠਕਾ ਵਲੋਂ ਸੂਰਾ' ਪੱਤਰ ਦੇ ਗੁਰਮਤਿ-ਪਰਚਾਰ ਬਾਰੇ ਅਨੇਕਾਂ ਪਰਸੰਸਾ-ਪਤਰ ਪੁਜਦੇ ਰਹਿੰਦੇ ਹਨ । ਪਾਠਕਾਂ ਪਾਸ ਬਿਨੈ ਹੈ ਕਿ 'ਸੂਰਾ' ਪੱਤਰ ਦੀ ਸੇਵਾ ਤਾਂ ਹੀ ਸਫਲ ਹੈ ਜੇ ਆਪ ਜੀ ਗੁਰਮਤਿ-ਪਰਚਾਰ ਹਿਤ ਇਸ ਦ ਵਧ ਤੋਂ ਵਧ ਨਵੇਂ ਮੇਂਬਰ ਬਣਾ ਕੇ ਇਸ ਨੂੰ ਘਰ ਘਰ ਪਹੁੰਚਾਉ । ਦਾਸ—ਮੈਨੇਜਰ

ਗੰਭੀਰ ਪ੍ਰਿੰਟਿਗ ਪ੍ਰੈਸ, ਚੌਂਕ ਬਾਬਾ ਭੌੜੀ ਵਾਲਾ. ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੨.੭੬ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਲਾਨਾ ਚੰਦਾ ੮-੦੦
ਪਰਦੇਸ ੧੮-੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦-੭੫

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਫ਼ਰਵਰੀ ੧੯੭੬ ਅੰਕ ੨

## ਗਰ ਗੁਨਾਹਗਾਰੇਮ, ਹੱਕ ਬਖ਼ਸ਼ੰਦਾ ਅਸਤ

ਬਦਰ, ਦਰ ਪੇਸ਼ਿ ਰੁਖ਼ਤ, ਸ਼ਰਮਿੰਦਾ ਅਸਤ।
ਬਲਕਿ, ਖ਼ੁਰਸ਼ੀਦਿ ਜਹਾਂ, ਹਮ ਬੰਦਾ ਅਸਤ ॥੧॥

ਚਸ਼ਮਿ ਮਾ, ਹਰਗਿਜ਼ ਬਗ਼ੈਰ ਅਜ਼ ਹੱਕ ਨ ਦੀਦ।
ਐ ਖ਼ੁਸ਼ਾ ਚਸ਼ਮੇ, ਕਿ ਹੱਕ ਬੀਨੰਦਾ ਅਸਤ ॥੨॥

ਮਾ ਨਮੇ ਲਾਫ਼ੇਮ, ਅਜ਼ ਜ਼ੁਹਦੋ ਰਯਾ।
ਗਰ ਗੁਨਾਹਗਾਰੇਮ, ਹੱਕ ਬਖ਼ਸ਼ੰਦਾ ਅਸਤ ॥੩॥

ਦੀਗਰੇ ਰਾ, ਅਜ਼ ਕੁਜਾ ਆਰੇਮ ਮਾ।
ਸ਼ੋਰ ਦਰ ਆਲਮ, ਯਕੇ ਅਫ਼ਗੰਦਾ ਅਸਤ ॥੪॥

ਹਰਫ਼ਿ ਗ਼ੈਰ, ਅਜ਼ ਨਿਆਇਦ ਹੇਚ-ਗਾਹ।
ਬਰ ਲਬਿ 'ਗੋਇਆ', ਕਿ ਹੱਕ ਬਖ਼ਸ਼ੰਦਾ ਅਸਤ ॥੫॥

ਪੰਜਾਬੀ ਉਲਥਾ ਵੇਖੋ ੫] [ਭਾਈ ਨੰਦ ਲਾਲ ਜੀ, ਗ਼ਜ਼ਲ ੮

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।

www.AKJ.Org

# ਗੁਰਮਤਿ-ਰਮਜ਼ਾਂ

[ ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

(੧੨) **ਆਤਮਕ ਸ੍ਵੈ-ਸਰੂਪ ਲਖਤਾ ਮਾਨਸਕ ਇਕ ਸੁਰਤਾ ਨਾਲੋਂ ਉਚੀ ਹੈ** :—ਕਈਆਂ ਦੇ ਖ਼ਿਆਲ ਅਨੁਸਾਰ ਇਕ-ਸੁਰਤਾ ਤੇ ਸਮਤਾ ਦੀ ਪ੍ਰਾਪਤੀ (*Attainment of harmony and balance*) ਨਾਮ ਦੀ ਪ੍ਰਾਪਤੀ ਹੈ ਅਤੇ ਮਨ ਦੀਆਂ ਸਾਰੀਆਂ ਅਦਲਾ ਬਦਲੀਆਂ (*all the adjustment of mind*) ਇਸ ਪ੍ਰਾਪਤੀ ਵਿਚ ਸਹਾਈ ਹੋਣ ਵਾਲੀਆਂ ਹਨ। ਇਹ ਮਨ-ਕਲਪਤ ਗੱਲ ਹੀ ਹੈ ਕਿ ਮਨ ਦੀਆਂ ਸਾਰੀਆਂ ਤਬਦੀਲੀਆਂ ਇਕ-ਸੁਰਤਾ ਤੇ ਸਮਤਾ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਇਕ-ਸੁਰਤਾ ਤੇ ਸਮਤਾ ਕਿਸ ਦੀ ? ਜੇ ਕਹੋ ਮਨ ਦੀ, ਤਾਂ ਮਨ ਤਾਂ ਤਬਦੀਲੀਆਂ ਦੇ ਗੋਰਖ-ਧੰਦੇ ਵਿਚ ਹੀ ਰੁੱਝਿਆ ਉਲਝਿਆ ਹੋਇਆ ਹੈ। ਇਹ ਇਕ ਅਨਹੋਣੀ ਗੱਲ ਹੈ ਕਿ ਮਨ ਦੀਆਂ ਤਬਦੀਲੀਆਂ, ਅਦਲਾ-ਬਦਲੀਆਂ ਦੁਆਰਾ ਮਨ ਦੀ ਇਕ-ਸੁਰਤਾ ਤੇ ਸਮਤਾ ਪ੍ਰਾਪਤ ਹੋ ਜਾਵੇ। ਹਾਂ ਇਹ ਹੋ ਸਕਦਾ ਹੈ ਕਿ ਮਨ ਅਦਲਾ ਬਦਲੀ ਦੇ ਉਤਾਰ ਚੜ੍ਹਾਉ ਵਿਚ ਖੱਜਲ ਖੁਆਰ ਹੋ ਕੇ ਹੰਭ ਜਾਏ ਅਤੇ ਨਿਢਾਲ ਹੋ ਕੇ ਨਿੱਸਲ ਹੋ ਬੈਠੇ। ਇਸ ਬੇ-ਹਿਸ ਨਿਢਾਲਪੁਣੇ ਤੇ ਨਿਸਲਤਾ ਨੂੰ ਇਕ-ਸੁਰਤਾ ਤੇ ਸਮਤਾ ਦੀ ਪ੍ਰਾਪਤੀ ਸਮਝਣਾ ਗ਼ਲਤੀ ਹੈ। ਇਹ ਪ੍ਰਾਪਤੀ ਕੁਝ ਨਹੀਂ ਤੇ ਨਾ ਹੀ ਇਕ-ਸੁਰਤਾ ਤੇ ਸਮਤਾ ਹੈ। ਜੇ ਹੋਊ ਤਾਂ ਮਾਨਸਿਕ ਫ਼ਿਲਾਸਫ਼ੀ (ਸਾਈਕਾਲੋਜੀ) ਦੇ ਵਿਦਵਾਨਾਂ ਭਾਣੇ ਹੋਊ, ਪਰ ਇਸ ਦਾ ਗੁਰਮਤਿ ਦੇ ਆਸ਼ੇ ਨਾਲ ਕੋਈ ਸਬੰਧ ਨਹੀਂ। ਜੇ ਕਹੋ ਕਿ ਇਕ-ਸੁਰਤਾ ਤੇ ਸਮਤਾ ਬਿਰਤੀਆਂ ਦੀ ਹੈ, ਤਾਂ ਭੀ ਇਹ ਬਿਰਤੀਆਂ ਮਨ ਦੀਆਂ ਹੀ ਹਨ। ਹਰ ਹਾਲਤ ਵਿਚ ਇਕ-ਸੁਰਤਾ ਤੇ ਸਮਤਾ ਦਿਮਾਗੀ ਹਾਲਤਾਂ ਹਨ। ਇਨ੍ਹਾਂ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਕਿਵੇਂ ਹੋਈ ! ਮਨ ਦੀਆਂ ਤਬਦੀਲੀਆਂ ਦੀ ਕਲਪਤ ਵਿਉਂਤ ਦੁਆਰਾ ਤਾਂ ਸ੍ਵੈ ਸਰੂਪ ਦੀ ਲਖਤਾ ਭੀ ਨਹੀਂ ਹੋ ਸਕਦੀ, ਆਪਾ ਭੀ ਚੀਨਿਆ ਨਹੀਂ ਜਾਂਦਾ। ਸਰਬ ਵਿਆਪਕ ਸਰੂਪ ਦੀ ਲਖਤਾ ਕੀ ਹੋਣੀ ਹੋਈ ? ਆਪਾ ਚੀਨੇ ਬਾਝ ਭਰਮ ਦੀ ਕਾਈ ਨਹੀਂ ਮਿਟ ਸਕਦੀ। ਜਦੋਂ ਭਰਮ ਦੀ ਕਾਈ ਹੀ ਨਹੀਂ ਮਿਟੀ ਤਾਂ ਸਮਤਾ ਤੇ ਇਕ-ਸੁਰਤਾ ਭਲਾ ਕਿਥੋਂ ਪ੍ਰਾਪਤ ਹੋਣੀ ਹੈ ! ਸੁਤੇ ਸਫ਼ੁਰ ਹੋਈਆਂ ਅਤੇ ਅਚਣਚੇਤ ਉਪਜ ਖਲੋਤੀਆਂ (*Automatic and unconscious*) ਬਹੁਤ ਸਾਰੀਆਂ ਮਨ ਦੀਆਂ ਬਦਲੀਆਂ ਪੂਰਬਲੇ ਜਨਮ ਦੇ ਸੰਸਕਾਰਾਂ ਦਾ ਅੰਕੁਰ ਹੀ ਹੋਇਆ ਕਰਦੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਨਾਮ ਦੀ ਪ੍ਰਾਪਤੀ ਅਥਵਾ ਦਾਤ ਪ੍ਰਾਪਤੀ ਸਮਝਣਾ ਦਰੁਸਤ ਨਹੀਂ। ਦਾਤ ਇਕ ਉਚੀ ਚੀਜ਼ ਹੈ। ਅਚੇਤ ਤੇ ਆਪੋ ਉਪਜ ਖਲੋਤੀ ਕਿਸੇ ਮਨ ਦੀ ਤਬਦੀਲੀ (*Automatically and unconsciously attained adjustment of mind*) ਨੂੰ ਦਾਤ ਇਲਾਹੀ ਖ਼ਿਆਲ ਕਰਨਾ ਇਕ ਗ਼ਲਤ-ਫ਼ਹਿਮੀ ਹੈ। (*Self conscious introspection*) ਦੋਨੋਂ ਸਾਈਕਾਲੋਜੀਕਲ ਟਰਮਾਂ (ਇਸਲਾਹਾਂ) ਹਨ, ਜਿਨ੍ਹਾਂ ਦਾ ਤਰਜਮਾ ਪੰਜਾਬੀ ਵਾਲਿਆਂ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰ-ਮੁਖਤਾ ਕੀਤਾ ਹੈ। ਇਹ ਦੋਨੋਂ ਅੰਤਸ਼ਕਰਨ ਦੇ ਟਿਕਾਉ ਦੀਆਂ ਮਾਮੂਲੀ ਹਾਲਤਾਂ ਹਨ। ਅੰਤਸ਼ਕਰਨ ਦੇ ਗ਼ੈਰ-ਮਾਮੂਲੀ ਤੇ ਉਚੇ ਦਰਜੇ ਦੇ ਟਿਕਾਉ ਵਿਚ ਭੀ ਗੁਰਮਤਿ-ਦਰਸਾਈ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰਮੁਖਤਾ ਦੀ ਸਮਸਰਤਾ ਨਹੀਂ ਹੋ ਸਕਦੀ। ਗੁਰਮਤਿ-ਦਰਸਾਈਆਂ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰਮੁਖਤਾ ਦੀਆਂ ਬਿਵਸਥਾਵਾਂ ਆਤਮਿਕ ਹਨ, ਅਤੇ ਇਹਨਾਂ (*self conscious and introspection*) ਨਾਲੋਂ ਅਤਿ ਉਚੀਆਂ ਤੇ ਵਿਲੱਖਣ ਹਨ।

(੧੩) **ਗੁਰ-ਉਪਦੇਸ਼ ਵਿਚ ਪ੍ਰਵਿਰਤੀ ਗੁਰ-ਬਾਣੀ ਉਤੇ ਸਚਾ ਅਮਲ ਹੈ** :—ਗੁਰ-ਉਪਦੇਸ਼



www.AKJ.Org

ਵਿਚ ਲਗਣ ਦੇ ਤੱਤ ਭਾਵ ਅਰਥ, ਨਾਮ ਅਭਿਆਸ ਵਿਚ ਲਗਣ ਦੇ ਹਨ । ਕਿਉਂਕਿ—"ਸਚਾ ਉਪਦੇਸੁ ਹਰਿ ਜਾਪਣਾਂ" ਆਦਿ ਅਨੇਕ ਗੁਰਵਾਕਾਂ ਦੇ ਭਾਵ ਅਨੁਸਾਰ, ਸਤਿਗੁਰ ਦਾ ਮੁਖ ਉਪਦੇਸ਼ ਨਾਮ ਹੀ ਹੈ । ਤਾਂ ਤੇ ਮੁਖ ਉਪਾਉ ਨਾਮ ਵਿਚ ਲਗਣਾ ਹੀ ਹੈ। ਨਾਮ-ਅਭਿਆਸ ਦੁਆਰਾ 'ਨਾਮੀ' ਸਾਖਿਆਤ ਹੁੰਦਾ ਹੈ। ਹਾਂ, ਨਾਮ-ਅਭਿਆਸ ਦੁਆਰਾ ਨਾਮ ਦਾ ਸਾਖਿਆਤ ਹੋਣਾ, ਘਟ ਅੰਤਰ ਨਾਮ ਦੀ ਜੋਤਿ ਪਰਜ੍ਵਲਤ ਪ੍ਰਕਾਸ਼ ਹੋਣ ਦੇ ਅਰਥਾਂ ਵਿਚ ਭੀ ਐਨ ਗੁਰਮਤਿ ਅਨਕੂਲ ਹੈ। ਪਰ ਘਟਾਕਾਸ਼ ਮੰਟਾਕਾਸ਼ ਦੀ ਵੇਦਾਂਤੀ ਮਿਣਤੀ ਗਿਣਤੀ ਵਾਲਾ ਨਾਮ ਦਾ ਸਰਬ ਵਿਆਪਕ ਸਰੂਪ ਇਕ ਅਣ-ਲਖੀ ਹੋਂਦ ਹੈ, ਜਿਸ ਦਾ ਸਾਖਿਆਤ ਹੋਣਾ ਭੀ ਇਕ ਫ਼ਰਜ਼ੀ ਅਨੁਮਾਨ ਹੈ।

ਗੁਰ-ਉਪਦੇਸ਼ ਵਿਚ ਪ੍ਰਵਿਰਤ ਹੋਣਾ ਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਣਾ ਅਰਥਾਤ ਗੁਰਬਾਣੀ ਤੇ ਅਮਲ ਕਰਨਾ ਇਕੋ ਹੀ ਗੱਲ ਹੈ। ਗੁਰਮਤਿ ਨੂੰ ਗ੍ਰਹਿਣ ਅਤੇ ਮਨਮਤ ਦਾ ਤਿਆਗ ਕੀਤੇ ਬਾਝੋਂ ਗੁਰ-ਉਪਦੇਸ਼ ਵਿਚ ਪ੍ਰਵਿਰਤ ਨਹੀਂ ਹੋ ਸਕੀਦਾ । ਨਾਮ-ਅਭਿਆਸ ਦੁਆਰਾ ਹੀ ਮਨ ਨਿਰਮਲ ਹੁੰਦਾ ਹੈ । ਤੇ ਨਾਮ-ਅਭਿਆਸ ਦੁਆਰਾ ਹੀ ਨਾਮ ਦਾ ਜੋਤਿ ਪ੍ਰਜ੍ਵਲਤੀ ਸਰੂਪ ਪ੍ਰਕਾਸ਼ ਹੁੰਦਾ ਹੈ। ਗੁਰ-ਉਪਦੇਸ਼ ਵਿਚ ਪ੍ਰਵਿਰਤ ਹੋਣਾ ਗੁਰ-ਉਪਦੇਸ਼ੇ ਹੁਕਮਾਂ ਦੀ ਕਮਾਈ ਕਰਨਾ ਹੈ। ਹੁਕਮਾਂ ਸਿਰ ਹੁਕਮ, ਉਪਦੇਸ਼ਾਂ ਸਿਰ ਉਪਦੇਸ਼, ਉਪਾਵਾਂ ਸਿਰ ਉਪਾਵ, ਉਦਮਾਂ ਸਿਰ ਉਦਮ ਨਾਮ ਜਪਣਾ ਹੈ। ਯਥਾ—

ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥

[ਗਉ: ਸੁਖ: ਮ: ੫, ੨੬੬

ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ ॥ [ਵਾਰ ਬਿਲਾ: ਸ: ਮ: ੩,੮੫੧

ਗੁਰ-ਉਪਦੇਸ਼ੇ ਹੁਕਮਾਂ ਵਿਚੋਂ ਸ੍ਰੇਸ਼ਟ ਹੁਕਮ ਨਾਮ ਅਭਿਆਸ ਸੰਗਿ ਗੁਰਬਾਣੀ ਦਾ ਕੀਰਤਨ ਕਰਨਾ ਹੈ। ਨਾਮ ਅਭਿਆਸ ਵਿਚੋਂ ਹਟ ਕੇ ਨਹੀਂ, ਬਲਕਿ ਇਸ ਵਿਚ ਲਗੇ ਰਹਿ ਕੇ ਹੀ ਕੀਰਤਨ ਕਰਨਾ ਹੈ। ਨਾਮ ਪ੍ਰਥਾਇ ਤਾਂ ਹੁਕਮ ਹੈ, "ਹਰਿ ਕਾ ਨਾਮੁ ਜਪਹੁ ਜੀਅ ਸਦਾ" ਸਦਾ ਸਦਾ ਲਈ ਜਪੀ ਚਲੋ, ਸਿਮਰੀ ਚਲੋ, ਸੁਆਸ ਸੁਆਸ ਸਿਮਰੀ ਚਲੋ, "ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ", ਕੀਰਤਨ ਕਰਦਿਆਂ ਭੀ ਨਾਮ ਜਪਣਾ ਹੈ, ਤੇ ਨਾਮ ਜਪਦਿਆਂ ਭੀ ਕੀਰਤਨ ਕਰਨਾ ਹੈ। ਇਹ ਵਿਉਂਤ ਕਿਵੇਂ ਬਣ ਆਵੇ, ਏਸ ਰਮਜ਼ ਨੂੰ ਨਾਮ-ਅਭਿਆਸ ਕਮਾਈ ਵਾਲੇ ਅਭਿਆਸੀ ਜਨ ਹੀ ਜਾਣਦੇ ਹਨ।

**(੧੪) ਕਿਰਤਮ ਨਾਮਾਂ ਦੀ ਖ਼ਿਆਲ-ਬਾਜ਼ੀ ਤੇ ਸਤਿਨਾਮ** ਦਾ ਜਾਪ :—ਮਨੁੱਖੀ ਮਨ ਵਿਚ ਉਤਪਤ ਹੋਏ ਖ਼ਿਆਲ ਦ੍ਰਿਸ਼ਟਮਾਨ ਦਾਇਰੇ ਵਿਚ ਹੀ ਮਹਿਦੂਦ ਹਨ ਅਤੇ ਦ੍ਰਿਸ਼ਟਮਾਨ ਨਜ਼ਾਰਿਆਂ ਤੇ ਪਦਾਰਥਾਂ ਤੋਂ ਹੀ ਉਤਪੰਨ ਹੋਏ ਖ਼ਿਆਲ ਹਨ । ਪੰਜ ਗਿਆਨ ਇੰਦ੍ਰਿਆਂ ਦੇ ਦਾਇਰੇ ਅੰਦਰ ਬੱਧੇ ਰੁੱਧੇ ਖ਼ਿਆਲ ਹਨ। ਅਤੇ ਤਿਨ੍ਹਾਂ ਖ਼ਿਆਲਾਂ ਦੇ ਇਕ ਦੂਜੇ ਮਨੁਖ ਪ੍ਰਤੀ ਪ੍ਰਗਟ ਕਰਨ ਲਈ ਵਖੋ ਵਖ ਲਫ਼ਜ਼ ਅਤੇ ਫ਼ਿਕਰੇ ਮਨੁੱਖਾਂ ਨੇ ਆਪੋ ਆਪਣੀ ਬੋਲੀ ਅਨੁਸਾਰ ਆਪ ਹੀ ਘੜੇ ਹੋਏ ਹਨ। ਇਕ ਵਾਰੀ ਗਹੁ ਕਰ ਪੇਖੇ ਪਦਾਰਥ ਨਜ਼ਾਰੇ ਦਾ ਜੋ ਖ਼ਿਆਲ ਮਨ ਵਿਚ ਬਝ ਗਿਆ, ਉਸ ਪ੍ਰਥਾਇ ਥਾਪੇ ਪਦ ਨੂੰ ਜਦ ਅਸੀਂ ਬੋਲਾਂਗੇ, ਸੁਣਾਂਗੇ ਤਾਂ ਅਸਾਡੇ ਮਨ ਅੰਦਰ ਨਿਰਸੰਦੇਹ ਉਸੇ ਪਦਾਰਥ ਨਜ਼ਾਰੇ ਦਾ ਖ਼ਿਆਲ ਗੁਜ਼ਰੇਗਾ ਜਿਸ ਪ੍ਰਥਾਇ ਕਿ ਉਕਤ ਪਦ (ਲਫ਼ਜ਼) ਘੜਿਆ ਗਿਆ ਹੈ। ਪੰਜ ਗਿਆਨ ਇੰਦ੍ਰਿਆਂ ਦੇ ਦਾਇਰੇ ਤੋਂ ਬਾਹਰ, ਅਰਥਾਤ ਸੁਣੇ, ਪੇਖੇ, ਪਰਸੇ, ਸੁੰਘੇ, ਚੱਖੇ ਪਦਾਰਥ ਤੋਂ ਉਤਪੰਨ ਹੋਏ ਖ਼ਿਆਲਾਂ ਤੋਂ ਬਾਹਜ ਖ਼ਿਆਲੀ ਖ਼ਿਆਲਾਂ ਦੇ ਅਸੀਂ ਕੀ ਲਫ਼ਜ਼ ਘੜ ਸਕਦੇ ਹਾਂ। ਅਤੇ ਅਜਿਹੇ ਫ਼ਰਜ਼ੀ ਘੜੇ ਲਫ਼ਜ਼ਾਂ ਦੇ ਬੋਲਣ, ਸੁਣਨ ਤੋਂ ਖ਼ਿਆਲੀ ਖ਼ਿਆਲ ਹੀ ਉਪਜ ਸਕਦਾ ਹੈ, ਪਰ ਵਾਸਤਵੀ ਖ਼ਿਆਲ ਕੋਈ ਨਹੀਂ ਬਝ ਸਕਦਾ। ਅਸਾਡੇ ਆਪਣੇ ਘੜੇ ਹੋਏ ਖ਼ਿਆਲੀ ਪਦਾਰਥਾਂ ਪ੍ਰਥਾਇ ਖ਼ਿਆਲੀ ਪਦ ਬੋਲੇ ਸੁਣੇ ਹੋਏ ਕੇਵਲ ਖ਼ਿਆਲੀ ਪਦਾਰਥਾਂ ਦਾ ਖ਼ਿਆਲ ਹੀ ਉਪਜਾ ਸਕਦੇ ਹਨ। ਇਸ ਬਿਧ ਖ਼ਿਆਲੇ ਖ਼ਿਆਲਾਂ ਤੋਂ ਨਿਰੀ



www.AKJ.Org

ਭਰਮ-ਭਰਾਂਤੀ ਹੀ ਪਲੇ ਪੈਂਦੀ ਹੈ, ਸਾਖਿਆਤ ਕੁਝ ਨਹੀਂ ਹੋ ਸਕਦਾ। ਪੰਜ ਇੰਦ੍ਰਿਆਂ ਵਾਲਾ ਗਿਆਨ ਖ਼ਿਆਲੀ ਖ਼ਿਆਲ ਭੀ ਨਹੀਂ ਲਭਦਾ। ਪੰਜ ਗਿਆਨ ਇੰਦ੍ਰਿਆਂ, ਨਹੀਂ, ਨਹੀਂ ਪੰਜ ਖ਼ਿਆਲ ਇੰਦ੍ਰਿਆਂ ਦੇ ਮਹਿਦੂਦ ਦਾਇਰੇ ਤੋਂ ਉਪ੍ਰੰਤ ਮਾਮੂਲੀ ਇੰਨਸਾਨ ਖ਼ਿਆਲ ਇੰਦ੍ਰਿਆਂ ਵਾਲਾ ਇਨਸਾਨ ਕੋਈ ਖ਼ਿਆਲ ਹੀ ਨਹੀਂ ਘੜ ਕਥ ਸਕਦਾ ਤਾਂ ਉਸ ਪਥਾਇ ਉਹ ਪਦ ਲਫ਼ਜ਼ ਭਲਾ ਕੀ ਨੀਅਤ ਕਰੇ ਤੇ ਕਰ ਸਕੇਗਾ। ਦ੍ਰਿਸ਼ਟਮਾਨ ਪਸਾਰੇ ਅੰਦਰ ਆਏ ਪਦਾਰਥਾਂ, ਨਜ਼ਾ-ਰਿਆਂ ਨੂੰ ਪਹਿਲਾਂ ਇਹ ਪੰਜ-ਭੂਤਕੀ ਇਨਸਾਨ ਆਪਣੇ ਪੰਜਾਂ ਇੰਦ੍ਰਿਆਂ ਦੁਆਰਾ ਸੁਣਦਾ, ਪੇਖਦਾ, ਪਰਸਦਾ, ਸੁੰਘਦਾ, ਚਖਦਾ ਹੈ। ਤਾਂ ਪਿਛੋਂ ਉਕਤ ਪਦਾਰਥਾਂ ਦਾ ਖਿਆਲ ਉਸਦੇ ਅੰਤਸ਼ਕਰਨ ਅੰਦਰ ਬਝਦਾ ਹੈ। ਸੁਣੇ, ਪੇਖੇ, ਪਰਸੇ, ਸੁੰਘੇ, ਚੱਖੇ ਤਜ-ਰਬਿਆਂ ਤੋਂ ਬਾਹਜ ਉਸਦੇ ਅੰਤਸ਼ਕਰਨ ਅੰਦਰ ਹੋਰ ਖ਼ਿਆਲ ਹੀ ਕੋਈ ਨਹੀਂ ਬਝਦਾ। ਪੰਜਾਂ ਇੰਦ੍ਰਿਆਂ ਦੇ ਤਜਰਬੇ ਅੰਦਰ ਨ ਆਏ ਹੋਏ ਪਦਾਰਥਾਂ ਪ੍ਰਥਾਇ ਆਪੋਂ ਘੜਿਆ ਫ਼ਰਜ਼ੀ ਲਫ਼ਜ਼ ਕੋਈ ਭੀ ਖ਼ਿਆਲ ਨਹੀਂ ਉਪਜਾ ਸਕਦਾ। ਤਜਰਬੇ ਅੰਦਰ ਆਏ ਪਦਾਰਥਾਂ ਪ੍ਰਤੀ ਘੜੇ ਵਰਤੇ ਪਦ ਜੇ ਬਾਰੰਬਾਰ ਬੋਲੇ ਸੁਣੇ ਭੀ ਜਾਣ ਤਾਂ ਏਹਨਾਂ ਪਦਾਂ, ਲਫ਼ਜ਼ਾਂ ਦਾ ਬਾਰੰਬਾਰ ਯਾ ਲਗਾਤਾਰ ਬੋਲਣਾ, ਸੁਣਨਾ ਉਹਨਾਂ ਪਦਾਰਥਾਂ ਨੂੰ ਇਸ ਕਰਕੇ ਚਿੰਤਨ ਕਰਾ ਸਕਦਾ ਯਾ ਉਹਨਾਂ ਪਦਾਰਥਾਂ ਦਾ ਖਿਆਲ ਇਸ ਕਰਕੇ ਉਪਜਾ ਸਕਦਾ ਹੈ ਕਿਉਂਕਿ ਏਹਨਾਂ ਪਦਾਰਥਾਂ ਦੇ ਅੱਗੇ ਅਸੀਂ ਜਾਣੂ ਹੋ ਚੁੱਕੇ ਹਾਂ। ਜਾਣੂ ਪਦਾਰਥਾਂ ਨੂੰ ਮੁੜ ਮੁੜ ਚਿਤਾਰਨਾ, ਅਰਥਾਤ ਦ੍ਰਿਸ਼ਟਮਾਨ ਪਦਾਰਥਾਂ ਦਾ ਮੁੜ ਮੁੜ ਚਿੰਤਨ ਕਰਨਾ, ਮੁੜ ਮੁੜ ਉਹਨਾਂ ਪਦਾਰਥਾਂ ਨੂੰ ਓਹੋ ਜਿਹਾ ਹੀ ਜਣਾਏਗਾ ਜੈਸਾ ਕਿ ਉਹ ਪਹਿਲਾਂ ਸਨ, ਭਾਵੇਂ ਲਖ ਵਾਰੀ ਉਹਨਾਂ ਦਾ ਚਿੰਤਨ ਕੀਤਾ ਜਾਵੇ। ਜਿਉਂ ਜਿਉਂ ਦ੍ਰਿਸ਼ਟਮਾਨ ਪਸਾਰੇ ਦੇ ਪਦਾਰਥਾਂ ਨੂੰ ਅਸੀਂ ਚਿਤਾਰਾਂਗੇ, ਤਿਉਂ ਤਿਉਂ ਵਧੇਰੇ ਅਸੀਂ ਉਹਨਾਂ ਪਦਾਰਥਾਂ ਵਿਚ ਖੱਚਤ ਖਪਤ ਹੋਵਾਂਗੇ। ਜਿਉਂ ਜਿਉਂ ਅਸੀਂ ਨਿਜ ਖ਼ਿਆਲੋਂ ਖ਼ਿਆਲਾਂ ਦਾ ਮੁੜ ਮੁੜ ਖ਼ਿਆਲ ਕਰਾਂਗੇ, ਤਿਉਂ ਤਿਉਂ ਸਾਡੀਆਂ ਚਿੰਤਨ ਸ਼ਕਤੀਆਂ ਏਨ੍ਹਾਂ ਖ਼ਿਆਲਾਂ ਨਾਲ ਹੋਰ ਆਲੂਦਾ ਹੋਣਗੀਆਂ। ਅਸੀਂ ਇਸ ਅਲੂਦਾ ਲਬੇੜ ਨਾਲ ਹੋਰ ਲਿਬੜਾਂਗੇ। ਇਸੇ ਕਰਕੇ ਹੀ ਸਤਿਗੁਰੂ ਜੀ ਦਾ ਬਚਨ ਹੈ "ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ" (੧੦੯੭)। ਨਾਮ ਏਹਨਾਂ ਖ਼ਿਆਲਾਂ ਵਰਗਾ ਖ਼ਿਆਲ ਨਹੀਂ। ਖ਼ਿਆਲ ਕਰਨ ਜੋਗ ਖ਼ਿਆਲ ਇਕੋ ਇਹੀ ਖ਼ਿਆਲ ਹੈ। ਹੋਰ ਸਾਰੇ ਥੋਕ ਤੇ ਸਭ ਥੋਕਾਂ ਦੇ ਖਿਆਲ ਸਤਿਗੁਰੂ ਨੇ ਤਿਆਗਣ ਵਿਸਾਰਨ ਜੋਗ ਫ਼ੁਰਮਾਏ ਹਨ, ਜਿਹਾ ਕਿ :—

ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥

[ਆਸਾ ਮ: ੫, ੩੯੭

ਕਈਆਂ ਦਾ ਇਹ ਖਿਆਲ ਹੈ ਕਿ ਜਿਵੇਂ ਕਿਸੇ ਲਫ਼ਜ਼ ਦਾ ਸੁਣਨਾ ਜਾਂ ਉਚਾਰਨਾ ਉਸ ਲਫ਼ਜ਼ ਵਿਚ ਬੱਧੇ ਖ਼ਿਆਲ ਦੇ ਉਪਜਾਉਣ ਦਾ ਕਾਰਨ ਬਣਦਾ ਹੈ, ਤਿਵੇਂ ਹੀ ਮਨ ਵਿਚ ਨਾਮ ਦਾ ਖ਼ਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ, ਤਿਵੇਂ ਜਾਪ ਦਾ ਸੁਣਨਾ ਜਾਂ ਉਚਾਰਨਾ ਜਾਪ ਵਿਚ ਬੱਧੇ ਖ਼ਿਆਲ ਦੇ ਉਪਜਾਉਣ ਦਾ ਕਾਰਨ ਹੈ। ਪਰ ਉਹ ਇਹ ਨਹੀਂ ਦਸਦੇ ਕਿ ਉਹ ਕਿਹੜਾ ਲਫ਼ਜ਼ ਹੈ ਜਿਸ ਦੇ ਵਿਚ ਨਾਮ ਦਾ ਖ਼ਿਆਲ ਬੱਧਾ ਹੋਇਆ ਹੈ ਤੇ ਜਿਸ ਦੇ ਜਪਣ ਕਰਕੇ ਯਾ ਜਿਸ ਦੇ ਉਚਾਰਨ ਯਾ ਸੁਣਨ ਕਰਕੇ ਉਨ੍ਹਾਂ ਵਿਚ ਬਧੇ ਨਾਮ ਦੇ ਖ਼ਿਆਲ ਦਾ ਉਪਜਣਾ ਹੁੰਦਾ ਹੈ। ਨਾਮ ਦਾ ਖਿਆਲ ਮਨੁਖ ਦੇ ਮਨ-ਘੜਤ ਲਫ਼ਜ਼ਾਂ ਵਿਚ ਤਾਂ ਬੱਧਾ ਹੋਇਆ ਹੋ ਨਹੀਂ ਸਕਦਾ, ਕਿਉਂਕਿ ਨਾਮ ਦਾ ਸਰੂਪ ਅੱਲਖ ਹੈ। ਤੇ ਪੰਜੇ ਖਿਆਲ ਇੰਦ੍ਰਿਆਂ (ਗਿਆਨ ਇੰਦ੍ਰਿਆਂ) ਦਾ ਵਿਸ਼ਾ ਹੀ ਨਹੀਂ। ਖ਼ਿਆਲ ਕਿਸ ਪਦਾਰਥ ਦਾ ਬੰਨ੍ਹਿਆ ਜਾਏ ਅਤੇ ਪਦਾਰਥ ਨੂੰ ਜਣਾਵਣਹਾਰਾ ਪਦ ਲਫ਼ਜ਼ ਭੀ ਕੋਈ ਨਹੀਂ ਘੜਿਆ ਜਾ ਸਕਦਾ। ਜੇ ਕੋਈ ਫ਼ਰਜ਼ੀ ਪਦ ਘੜਿਆ ਜਾਊ, ਉਸ ਦੇ ਬੋਲਣ, ਸੁਣਨ ਯਾ ਜਪਣ ਤੋਂ ਉਪਰ ਦਸੇ ਸਜਣਾਂ ਦੀ ਥੀਊਰੀ ਅਨੁਸਾਰ ਕੋਈ ਖ਼ਿਆਲ ਹੀ ਨਹੀਂ ਉਪਜ ਸਕਦਾ, ਕਿਉਂਕਿ ਉਸ ਲਫ਼ਜ਼ ਅੰਦਰ



www.AKJ.Org

ਬੱਧਾ ਹੋਇਆ ਖ਼ਿਆਲ ਹੀ ਕੋਈ ਨਹੀਂ, ਐਵੇਂ ਫ਼ਰਜ਼ਾ-ਫ਼ਰਜ਼ੀ ਵਾਲਾ ਫੋਕਟ ਚੁੰਹ ਖ਼ਿਆਲ ਹੀ ਹੈ। ਅਣਲਖ (ਅਲੱਖ) ਪਦਾਰਥਾਂ ਦੇ ਅਨੁਮਾਨਕ ਖ਼ਿਆਲ ਜੇ ਕਿਸੇ ਫ਼ਰਜ਼ੀ ਪਦ ਲਫ਼ਜ਼ ਦੁਆਰਾ ਬੰਨ੍ਹ ਭੀ ਲਈਏ ਤਾਂ ਉਸਦਾ ਸੁਬੇਹਤਾ ਕੀ ? ਜਦ ਤਾਈਂ ਕਿ ਪਦਾਰਥ ਅਜੇ ਅਲੱਖ ਹੈ। ਡਿਠੇ (ਪੰਜ ਇੰਦ੍ਰਿਆਂ ਦੁਆਰਾ ਜਾਣੇ) ਪਦਾਰਥਾਂ ਦਾ ਮੁੜ ਮੁੜ ਖ਼ਿਆਲ ਬੰਨ੍ਹਣਾ ਭੀ ਕੀ ਸੁਬੇਹਤਾ ਦੇ ਸਕਦਾ ਹੈ ? ਤੇ ਉਨ੍ਹਾਂ ਪਦਾਰਥਾਂ ਪ੍ਰਤੀ ਥ ਪੇ ਘੜੇ ਪਦਾਂ ਲਫ਼ਜ਼ਾਂ ਦਾ ਰਟਣ ਭੀ ਓਦੂੰ ਹੋਰ ਗੂੜ੍ਹ ਗਿਆਨ ਨਹੀਂ ਉਪਜਾ ਸਕਦਾ, ਮਹਿਜ਼ ਖ਼ਿਆਲ-ਬਾਜ਼ੀ ਹੀ ਹੈ। ਨਾਮ ਨੂੰ ਭੀ ਆਮ ਲੋਕ ਖ਼ਿਆਲ-ਬਾਜ਼ੀ ਹੀ ਬਣਾਉਣਾ ਚਾਹੁੰਦੇ ਹਨ। ਜੈਸਾ ਕਿ ਮਾਨਸਿਕ ਵਿਦਿਆ ਦੇ ਮੁੱਠੇ ਹੋਏ ਲੋਗ ਆਮ ਤੌਰ ਤੇ ਬਣਾਉਂਦੇ ਹਨ। 'ਨਾਮ ਦਾ ਖ਼ਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ' ਇਹ ਕੈਸੇ ਫੋਕੇ ਤੇ ਬੇਅਰਥ ਲਫ਼ਜ਼ ਹਨ। ਨਾ ਨਾਮ ਦੇ ਸਰੂਪ ਦੀ ਗਿਆਤ ਹੈ, ਨਾ ਨਾਮ ਦਾ ਖਿਆਲ ਬੰਨ੍ਹਣ ਲਈ ਕੋਈ ਸਰੂਪ ਹੀ ਅੱਖੀਆਂ ਦੇ ਅੱਗੇ ਹੈ, ਨਾ ਹੀ ਇਸ ਸਰੂਪ ਨੂੰ ਜਣਾਉਣ-ਹਾਰੇ ਕੋਈ ਪਦ ਲਫ਼ਜ਼ ਹੀ ਦਸੇ ਹਨ, ਜ਼ਿਨ੍ਹਾਂ ਨੂੰ ਰਟਿਆ ਜਪਿਆ ਜਾਵੇ ਤਾਂ ਭਲਾ ਨਾਮ ਦਾ ਖ਼ਿਆਲ ਬੱਝਣਾ ਯਾ ਨਾਮ ਦਾ ਖ਼ਿਆਲ ਉਪਜਣਾ ਕੋਈ ਖਾਲਾ ਜੀ ਦਾ ਘਰ ਹੈ। ਐਵੇਂ ਪਰਚਾ ਪਰਚੀ ਹੈ। ਖ਼ਿਆਲ-ਬਾਜ਼ਾਂ ਦੀ ਦਿਮਾਗ਼-ਅਜ਼ਮਾਈ ਹੈ। ਇਹ ਸਭ ਇਸਮ-ਖ਼ਿਆਲੀ ਖ਼ਿਆਲਾਂ ਦੀ ਤਾਨਾਗੀਰੀ ਹੈ। ਸਾਡੇ ਬਿਸਮ-ਖਿਆਲੀ ਸਤਿਗੁਰਾਂ ਨੇ ਅੰਮ੍ਰਿਤ-ਨਾਮ ਦੀ ਦਾਤ ਦੇ ਕੇ ਪ੍ਰਿਥਮੇ ਤਾਂ ਸਾਨੂੰ ਅਲਖ ਨਿਰੰਕਾਰ (ਨਾਮੀ) ਦੇ ਬਿਸਮ ਕ੍ਰਿਸ਼ਮੀ ਸਰੂਪ ਲਖਣ ਦੀ ਲਿੱਲ ਲਾਈ; ਫਿਰ ਏਸ ਨਾਮ ਦੀ ਪਾਰਸ-ਕਲਾ ਕਮਾਈ ਦੁਆਰਾ ਨਾਮੀ ਦਾ ਅਲਖ ਸਰੂਪ ਪ੍ਰੱਤਖ ਕਰ ਕੇ ਲਖਾਇਆ। ਪਰਮ ਪ੍ਰਸਾਦਿ ਕਰ ਪਹਿਲਾਂ ਸਤਿਨਾਮ ਗੁਰਮੰਤ੍ਰ (ਗੁਰਮਤਿ ਨਾਮ) ਦ੍ਰਿੜ੍ਹਾਇਆ ਅਤੇ ਇਸ ਗੁਰਮੰਤ੍ਰ ਗੁਰਮਤਿ ਨਾਮ ਦੀ (ਸਤਿਨਾਮ) ਦੀ ਪਾਰਸ-ਸ਼ਕਤੀ ਕਲਾ ਦੁਆਰਾ ਅਸੀਂ ਨਿਰੰਕਾਰ ਨਾਮ ਦਾ ਅਲਖ ਜੋਤਿ ਨਿਰੰਕਾਰੀ ਸਰੂਪ ਘਟ ਅੰਤਰਿ ਹੀ ਲਖਿਆ। ਹਾਂ ! ਹਾਂ ! ਸਾਂਗੋ ਪਾਂਗ ਪੇਖਿਆ। ਸਤਿਗੁਰੂ ਦੁਆਰਾ ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਅਵਤਰੇ ਸਤਿਨਾਮ ਗੁਰਮੰਤ੍ਰ ਦੇ ਮੰਤ੍ਰ ਰੂਪ ਜਪ ਸਿਮਰਨ ਅੰਤਰਿ, ਗੁਰਮੰਤ੍ਰ ਦੇ ਸੁਆਸ ਸੁਰਤੀਸ਼ਰੀ ਅਭਿਆਸ ਅੰਤਰਿ ਇਤਨੀ ਪਾਰਸ ਕਲਾ ਹੈ ਕਿ ਇਸ ਦੇ ਪ੍ਰਤਾਪ ਕਰ ਰਸ ਜੋਤ-ਕ੍ਰਿਣੀ ਪ੍ਰਗਾਸ, ਨਭ-ਨਾਭ ਅੰਤਰ ਸਹਿਜ ਅਮਰ ਅਵਸਥਾ ਵਿਖੇ ਹੀ ਰਹਿੰਦਾ ਹੈ।

['ਗੁਰਮਤਿ ਰਮਜ਼ਾਂ' ਵਿਚੋਂ ਧੰਨਵਾਦ ਸਹਿਤ

# ਉਹ ਬਖ਼ਸ਼ਿੰਦ ਅਸੀਂ ਹਾਂ ਪਾਪੀ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ]

ਚੰਨ ਵੀ ਤੇਰੇ ਚਿਹਰੇ ਸਾਹਵੇਂ, ਆਵੇ ਤਾਂ ਲਜਿਆਵੇ।
ਸੂਰਜ ਭਰੇ ਹੁਸਨ ਦਾ ਪਾਣੀ, ਹਰ ਦਿਨ ਸੀਸ ਨਿਵਾਵੇ ॥੧॥
ਸਾਡੀ ਅੱਖ ਸੁਭਾਗੀ ਸਈਓ ! ਸਜਨ ਵੱਲ ਹੀ ਤੱਕਦੀ।
ਕਿਉਂਕਿ ਵੇਖਣ ਵਾਲੀ ਉਸ ਨੂੰ, ਹੋਰ ਵੇਖ ਨਹੀਂ ਸਕਦੀ ॥੨॥
ਸਾਨੂੰ ਵਿਰਦ ਆਪਣੇ ਉੱਤੇ, ਮਾਣ ਮੂਲ ਨਹੀਂ ਮਾਸਾ।
ਉਹ ਬਖ਼ਸ਼ਿੰਦ ਅਸੀਂ ਹਾਂ ਪਾਪੀ, ਇਤਨਾ ਹੈ ਭਰਵਾਸਾ ॥੩॥
ਦੂਜਾ ਕੌਣ ? ਲਿਆਈਏ ਕਿਥੋਂ ? ਜਦ ਕਿ ਹੋਰ ਨ ਜਾਪੇ।
ਇਕੋ ਵਾਹਿਗੁਰੂ ਨੇ ਹਰ ਥਾਂ, ਸੱਦ ਲਾਈ ਹੈ ਆਪੇ ॥੪॥
ਵਾਹਿਗੁਰੂ ਦੀ ਬਖ਼ਸ਼ਸ਼ ਐਸੀ, ਗੋਇਆ ਉੱਤੇ ਹੋਈ।
ਬੂਲ੍ਹਾਂ ਵਿਚੋਂ ਉਸ ਦੇ ਬਾਝੋਂ, ਬੋਲ ਨ ਨਿਕਲੇ ਕੋਈ ॥੫॥

[ਸ: ਵਿਧਾਤਾ ਸਿੰਘ ਜੀ 'ਤੀਰ'

www.AKJ.Org

# ਨਰਕ ਸੁਰਗ (੩)

[ਵਲੋਂ:—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਵਾਹਿਗੁਰੂ ਦਾ ਸਿਮਰਨ ਕਰਨਹਾਰਿਆਂ ਨੂੰ ਨਰਕ ਉਕਾ ਹੀ ਨਹੀਂ ਦੇਖਣਾ ਪੈਂਦਾ, ਸਗੋਂ ਧਰਮਰਾਇ ਉਹਨਾਂ ਨੂੰ ਅਗੋਂ ਨਮਸਕਾਰ ਜੈਜੈਕਾਰ ਕਰ ਕੇ ਮਿਲਦਾ ਹੈ ਅਤੇ ਜਮਦੂਤ ਸਾਰੇ ਪਤਰਾ ਵਾਚ ਜਾਂਦੇ ਹਨ, ਅਰਥਾਵ ਨਸ ਜਾਂਦੇ ਹਨ। ਯਥਾ ਗੁਰਵਾਕ :—

ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥
ਜੈ ਜੈ ਧਰਮੁ ਕਰੇ, ਦੂਤ ਭਏ ਪਲਾਇਣ ॥
[ਆਸਾ ਮ: ੫, ੪੬੦

ਕਰਨਹਾਰ ਕਰਤਾਰ ਅੰਤਰਜਾਮੀ ਸਰਬ ਵਿਆਪੀ ਪ੍ਰਮਾਤਮਾ ਨੂੰ ਲੋਕੀਂ ਹਾਜ਼ਰ ਨਾਜ਼ਰ ਸਿਰ ਤੇ ਖੜਾ ਸੰਗ-ਸਾਥ ਨਹੀਂ ਜਾਣਦੇ, ਤਾਂ ਹੀ ਤੇ ਪਾਪ ਕਮਾਉਂਦੇ ਹਨ ਅਤੇ ਨਰਕਾਂ ਨੂੰ ਸਿਧਾਉਂਦੇ ਹਨ। ਜੇ ਵਾਹਿਗੁਰੂ ਨੂੰ ਸਦਾ ਸੰਗੀ ਜਾਨਣ ਅਤੇ ਵਾਹਿਗੁਰੂ ਦਾ ਹੁਕਮ ਮੰਨਣ, ਸੁਕ੍ਰਿਤ ਕਰਨੀਆਂ ਕਰਨ ਤੇ ਨਾਮ ਜਪਣ ਤਾਂ ਫਿਰ ਨਰਕ ਹਰਗਿਜ਼ ਨਹੀਂ ਜਾਣਾ ਪੈਂਦਾ। ਅਠੇ ਪਹਰ ਸਿਮਰਨ ਕੀਤਾ, ਬੰਦੇ ਦੇ ਸੰਗ ਜਾਂਦਾ ਹੈ। ਸਤਿਸੰਗਤ ਦਾ ਸਦਕਾ ਸਦਾ ਭਜਨ ਵਿਚ ਮਹਿਵ ਹੋਇਆਂ ਦੋਖ ਪਾਪ ਕਮਾਤੇ ਸਭ ਮਿਟ ਜਾਂਦੇ ਹਨ। ਯਥਾ ਗੁਰਵਾਕ :—

ਸੰਗਿ ਦੇਖੈ ਕਰਣਹਾਰਾ ਜਾਇ ਪਾਪੁ ਕਮਾਈਐ ॥ ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥ ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥ ਭਜੁ ਸਾਧ ਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥੧॥ [ਆਸਾ ਮ: ੫, ੪੬੧

ਨਾਮੋਂ ਘੁਥੇ ਕੂੜਿਆਰਾਂ ਨੂੰ ਕਿਤੇ ਠਉਰ ਟਿਕਾਣਾ ਨਹੀਂ ਮਿਲਦਾ, ਉਹ ਮੂੰਹ ਕਾਲੇ ਲੈ ਕੇ ਦੋਜ਼ਖਾਂ ਵਿਚ ਝੋਕੇ ਜਾਂਦੇ ਹਨ। ਯਥਾ ਗੁਰਵਾਕ :—

ਥਾਉ ਨ ਪਾਇਨਿ ਕੂੜਿਆਰ, ਮੁਹ ਕਾਲੈ ਦੋਜਕਿ ਚਾਲਿਆ ॥ [ਆਸਾ ਕੀ ਵਾਰ, ੪੬੩

ਨਿਰੰਕਾਰ ਦਾ ਨਾਮ ਭੀ ਨਿਰੰਕਾਰ ਰੂਪ ਹੈ, ਤਾਂ ਹੀ ਤੇ ਨਾਮ ਲਇਐ ਨਰਕ ਨਹੀਂ ਜਾਈਦਾ :—

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ [ਆਸਾ ਕੀ ਵਾਰ, ੪੬੫

ਜਿਸ ਨੂੰ ਵਾਹਿਗੁਰੂ, ਸਤਿਗੁਰੂ ਦਾ ਬਣਾ ਕੇ ਆਪਣੇ ਲੜ ਲਾਇ ਲੈਂਦਾ ਹੈ ਉਸ ਨੂੰ ਨਾ ਕੋਈ ਰੋਗ ਲਗਦਾ ਹੈ ਨਾ ਪਾਪ ਪੋਂਹਦਾ ਹੈ, ਨਾ ਉਹ ਨਰਕਾਂ ਦਾ ਅਧਿਕਾਰੀ ਬਣਦਾ ਹੈ :—

ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥੨॥
[ਦੇਵਗੰਧਾਰੀ ਮ: ੫, ੫੩੧

ਗੁਰੂ ਤੋਂ ਬੇਮੁਖਾਂ, ਪ੍ਰਭੂ ਨੂੰ ਬਿਸਾਰਨ-ਹਾਰਿਆਂ ਨੂੰ ਨਰਕ ਘੋਰ ਵਿਖੇ ਪੈਣਾ ਹੋਊ। ਯਥਾ ਗੁਰਵਾਕ :—

ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ ॥ ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ ॥੨॥ ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥ ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥੩॥ [ਸੋਰਠ ਮ: ੫, ੬੧੩

ਭਾਵ ਵਾਹਿਗੁਰੂ ਦੀ ਸਦਾ ਸ਼ਰਨ ਰਹਿਣ ਵਾਲੇ ਅਤੇ ਵਾਹਿਗੁਰੂ ਨਾਮ ਦੀ ਓਟ ਖਿਨ ਖਿਨ ਲੈਣ ਵਾਲੇ ਗੁਰਮੁਖ ਜਨ ਹੀ ਦਰ-ਅਸਲ ਸੁਖੀਏ ਹਨ। ਹੋਰ ਸਭ ਸੰਸਾਰ ਦੁਖੀਆ ਹੈ। ਜਿਨ੍ਹਾਂ ਨਰਾਂ ਨੇ ਪੁਰਖ ਬਿਧਾਤਾ ਬਿਸਾਰ ਦਿਤਾ ਹੈ ਉਹ ਤਾਂ ਪੁਜ ਕੇ ਹੀ ਦੁਖੀਏ ਹਨ। ਜਿਨ੍ਹਾਂ ਨੇ ਗੁਰੂ ਦੇ ਬਣ ਕੇ, ਗੁਰੂ-ਨਾਮ-ਮੰਤ੍ਰ ਦੀਖਿਆ ਲੈ ਕੇ ਵਾਹਿਗੁਰੂ-ਨਾਮ ਨਾਲ ਲਿਵ ਲਾਈ ਹੈ ਤਿਨ੍ਹਾਂ ਨੇ ਮਹਾਂ ਅਨੰਦ-ਰਸ ਮਾਣਿਆ ਹੈ। ਜਿਹੜੇ ਪ੍ਰਾਣੀ ਗੁਰੂ ਤੋਂ ਬੇਮੁਖ ਹੋ ਕੇ ਪ੍ਰਭੂ ਨੂੰ ਵਿਸਾਰ ਬੈਠੇ ਹਨ, ਸੇ ਨਰਕ ਘੋਰ ਵਿਚ ਪੈਣਗੇ। ਵਾਹਿਗੁਰੂ ਨੂੰ ਛਡ ਕੇ ਹੋਰੀਂ ਪਾਸੀਂ ਲੱਗਣ ਵਾਲੇ ਨਰਕਾਂ ਦੇ ਭਾਗੀ ਬਣਦੇ ਹਨ :—



www.AKJ.Org

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥
[ਵਾਰ ਜੈਤਸਰੀ, ੭੦੮

ਦਿਨਸ ਰੈਣ ਵਾਹਿਗੁਰੂ ਅਰਾਧਣਹਾਰੇ ਨਾਮ-ਰਤੜੇ ਗੁਰਮੁਖ ਜਨ ਨਰਕ ਵਿਚ ਕਦੇ ਪੈ ਹੀ ਨਹੀਂ ਸਕਦੇ, ਕਿਉਂਕਿ ਖਲਕ ਜਹਾਨ ਦਾ ਮਾਲਕ ਵਾਹਿ-ਗੁਰੂ ਉਹਨਾਂ ਤੇ ਖਾਸ ਮਿਹਰਬਾਨ ਹੁੰਦਾ ਹੈ। ਨਰਕ ਅਥਵਾ ਦੋਜ਼ਖ ਵਿਚ ਤਾਂ ਉਹਨਾਂ ਕੀ ਜਾਣਾ ਸੀ! ਜਿਸ ਨੂੰ ਨਾਮ ਦਾ ਅਧਾਰ ਹੈ ਉਸ ਦਾ ਅਜ਼ਰਾਈਲ (ਮੌਤ ਦਾ ਫ਼ਰਿਸ਼ਤਾ) ਭੀ ਦੋਸਤ ਬਣ ਜਾਂਦਾ ਹੈ, ਉਸ ਦੇ ਸਾਰੇ ਗੁਨਾਹ ਭੀ ਮੁਆਫ਼ ਹੋ ਜਾਂਦੇ ਹਨ। ਵਾਹਿਗੁਰੂ ਦੇ ਆਸ਼ਕਾਂ ਨੂੰ ਤਾਂ ਦਰਸ਼ਨ ਦਾ ਹੀ ਨਸ਼ਾ ਰਹਿੰਦਾ ਹੈ। ਯਥਾ ਗੁਰਵਾਕ—

ਖੁਦਿ ਖਸਮ ਖਲਕ ਜਹਾਨ ਅਲਹ ਮਿਹਰ-ਵਾਨ ਖੁਦਾਇ ॥ ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ ॥੨॥ ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥ ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥ [ਤਿਲੰਗ ਮ: ੫, ੭੨੪

ਮੇਰੀ ਮੇਰੀ ਧਾਰ ਕੇ ਮਾਇਆ ਦੇ ਬੰਧਨ ਵਿਚ ਬੰਧੇ ਹੋਏ, ਮਾਇਆ ਦੇ ਧੰਧਿਆਂ ਵਿਚ ਫਾਥੇ, ਮੁੜ ਮੁੜ ਨਰਕਾਂ ਸੁਰਗਾਂ ਵਿਚ ਉਤਰਦੇ ਹਨ। ਯਥਾ ਗੁਰਵਾਕ :—

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥
[ਸੂਹੀ ਮ: ੫, ੭੬੧

ਅਗਲਾ ਗੁਰਵਾਕ ਤਾਂ ਸ਼ਕਤੀ ਦੇ ਉਪਾਸ਼ਕਾਂ ਦੀ ਨਰਕ-ਗਾਮੀ ਗਤੀ ਨੂੰ ਖੋਲ੍ਹ ਕੇ ਵਰਨਣ ਕਰਦਾ ਹੈ:—

ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿ ॥ ਪੰਚ ਚੋਰ ਤਿਨਾ ਘਰੁ ਮੁਹਨਿ ਹਉਮੈ ਅੰਦਰਿ ਸੰਨ੍ਹਿ ॥ ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ ॥ ਜਿਨੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ ॥ ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਰਚੰਨਿ ॥ ਨਾਨਕ ਸਾਕਤ ਨਰਕਿ ਮਹਿ ਜਮਿ ਬਧੇ ਦੁਖ ਸਹੰਨਿ ॥ ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ ॥੧॥
[ਬਿਲਾਵਲ ਵਾਰ, ਸਲੋਕ ਮ: ੩, ੮੫੪

ਭਾਵ ਜਿਨ੍ਹਾਂ ਨੇ ਨਾਮ ਵਿਸਾਰਿਆ ਹੈ ਉਹ ਕੂੜੀਆਂ ਕਹਿਣੀਆਂ ਹੀ ਕਹਿੰਦੇ ਫਿਰਦੇ ਹਨ, ਪੰਜਾਂ ਦੂਤਾਂ ਕਾਮ ਕ੍ਰੋਧ ਆਦਿਕ ਦੇ ਅਧੀਨ ਹੋਏ ਵੇ ਅਰਲ ਬਰਲ ਮੂੰਹੋਂ ਕਢੀ ਜਾਂਦੇ ਹਨ। ਹਉਮੈ ਦਾ ਅੰਦਰ ਸੰਨ੍ਹ ਲਗਿਆ ਹੋਣ ਕਰਕੇ ਹਉਮੈ ਦੀਆਂ ਹਉਮੈ-ਗ੍ਰਸਤ ਗੱਲਾਂ ਹੀ ਕਰਦੇ ਰਹਿੰਦੇ ਹਨ। ਇਹ ਸਭ ਸਾਕਤ ਲੋਗ ਹਨ, ਜੋ ਦੁਰਮਤਿ ਮਤਾਂ ਦੇ ਮੁਠੇ ਹੋਏ ਹੁੰਦੇ ਹਨ, ਪਰਮਾਰਥ ਦੇ ਰਾਹ ਉਤੇ ਆਉਂਦੇ ਹੀ ਨਹੀਂ, ਪਰਮਾਰਥ ਦੇ ਰਸ ਨੂੰ ਜਾਣਦੇ ਨਹੀਂ, ਅੰਮ੍ਰਿਤ ਰੂਪੀ ਸਚੀ ਖੇਪ ਗੰਵਾਇ ਕੇ ਬਿਖਿਆ ਦੇ ਰਸਾਂ ਕਸਾਂ ਵਿਚ ਹੀ ਲਥ ਪੱਥ ਰਹਿੰਦੇ ਹਨ, ਦੁਸ਼ਟਾਂ ਦੇ ਨਾਲ ਦੋਸਤੀ ਰਖਦੇ ਹਨ, ਪ੍ਰਮਾਰਥੀ ਪੁਰਸ਼ਾਂ ਸਤਸੰਗੀ ਜਨਾਂ ਨਾਲ ਵਾਦ-ਵਿਰੋਧ ਰਚ ਲੈਂਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਐਸੇ ਸਾਕਤ ਨਰ ਸਿਧੇ ਨਰਕੀਂ ਜਾ ਪੈਂਦੇ ਹਨ ਅਤੇ ਜਮਾਂ ਦੇ ਬੱਧੇ ਅਨੇਕਾਂ ਦੁਖ ਸਹਿੰਦੇ ਹਨ ਤੇ ਆਪਣੀ ਕਰਨੀ ਦਾ ਫਲ ਪਾਉਂਦੇ ਹਨ। ਰਖਣਹਾਰ ਦਾਤਾਰ ਜਿਵੇਂ ਉਨ੍ਹਾਂ ਦੇ ਕਰਮ ਫਲ ਅਨੁਸਾਰ ਰਖੇ, ਤਿਵੇਂ ਹੀ ਉਹਨਾਂ ਨੂੰ ਰਹਿਣਾ ਤੇ ਦੁਖ ਸਹਿਣਾ ਪੈਂਦਾ ਹੈ। ਨਰਕ ਉਹਨਾਂ ਦੇ ਸਿਰ ਤੋਂ ਟਲ ਨਹੀਂ ਸਕਦਾ।

ਵਾਹਿਗੁਰੂ ਨਾਰਾਇਣ ਦਾ ਨਾਮ ਜਪਣ ਵਾਲੇ, ਵਾਹਿਗੁਰੂ ਨਾਰਾਇਣ ਕਹਿਣ ਵਾਲੇ ਨਰਕ ਨਹੀਂ ਜਾਣੇ ਪਾਉਂਦੇ। ਵਾਹਿਗੁਰੂ ਨਾਰਾਇਣ ਦੀ ਸਚੀ ਭਗਤੀ ਸਰਬ ਫਲਾਂ ਦੀ ਦਾਤੀ ਹੈ। ਵਾਹਿਗੁਰੂ ਨਾਰਾਇਣ ਦਾ ਨਾਮ ਸੁਣ ਕੇ ਹੀ ਜਮ ਛਡ ਜਾਂਦੇ ਹਨ ਅਤੇ ਭਜ ਕੇ ਦੂਰ ਚਲੇ ਜਾਂਦੇ ਹਨ। ਵਾਹਿਗੁਰੂ ਦਾ ਨਾਮ ਮਾਇਆ ਰੂਪੀ ਡਾਇਣ ਦੇ ਦੰਦ ਭਨ ਦਿੰਦਾ ਹੈ। ਯਥਾ ਗੁਰਵਾਕ :—

ਨਾਰਾਇਣ ਕਹਿਤੇ ਨਰਕਿ ਨ ਜਾਹਿ ॥
ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥
........ਨਾਰਾਇਣ ਕਹਤ ਜਮੁ ਭਾਗਿ


www.AKJ.Org

ਪਲਾਇਣ ॥ ਨਾਰਾਇਣ ਦੰਤ ਭਾਨੇ ਡਾਇਣ ॥੨॥
[ਗੋਂਡ ਮਹਲਾ ੫, ੮੬੮

ਵਾਹਿਗੁਰੂ ਦਾ ਨਾਮ ਅਠੇ ਪਹਿਰ ਧਿਆਉਣ-ਹਾਰਿਆਂ ਦੇ ਜਮੂਆ ਨੇੜੇ ਨਹੀਂ ਆਉਂਦਾ। ਤਾਂ ਹੀ ਤੇ ਗੁਰੂ ਕੇ ਸਿਖ ਸੁਆਸ ਸੁਆਸ ਗੁਰੂ ਵਾਹਿਗੁਰੂ ਵਾਹਿਗੁਰੂ ਹੀ ਜਪਦੇ ਰਹਿੰਦੇ ਹਨ। ਐਸੇ ਜਨ ਅਗੇ ਜਾ ਕੇ ਸੱਚੀ ਦਰਗਾਹ ਜਾਇ ਉਬਰਦੇ ਹਨ ਅਤੇ ਸਾਕਤ ਨਿੰਦਕ ਨਰ ਨਰਕ ਵਿਚ ਵਾਸ ਜਾ ਪਾਉਂਦੇ ਹਨ। ਯਥਾ ਗੁਰਵਾਕ :—

ਆਠ ਪਹਰ ਜਨ ਏਕੁ ਧਿਆਏ ॥ ਜਮੂਆ ਤਾ ਕੈ ਨਿਕਟਿ ਨ ਜਾਏ ॥੫॥... ਗੁਰ ਕੈ ਸਿਖਿ ਸਤਿਗੁਰੂ ਧਿਆਇਆ ॥ ਜਨ ਉਬਰੇ ਨਿੰਦਕ ਨਰਕਿ ਪਾਇਆ ॥੬॥ ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਤਿ ਬਚਨ ਵਰਤਹਿ ਹਰਿ ਦੁਆਰੇ ॥ [ਗੋਂਡ ਅਸ: ਮ: ੫, ੮੬੮

ਇਸ ਗੁਰਵਾਕ ਦੀਆਂ ਪਿਛਲੀਆਂ ਦੋ ਤੁਕਾਂ ਦਸਦੀਆਂ ਹਨ ਕਿ ਇਹ ਉਪਰ ਦਸੇ ਬਚਨ ਬਿਲਕੁਲ ਸਚ ਹਨ। ਇਹਨਾਂ ਬਚਨਾਂ ਅੰਦਰ ਦਸਿਆ ਵਰਤਾਰਾ ਜ਼ਰੂਰ ਵਰਤੇਗਾ। ਇਹ ਧੁਰ ਦੀ ਦਰਗਾਹ ਦੇ ਬਚਨ ਖ਼ਾਲੀ ਨਹੀਂ ਜਾਣੇ। ਮਤ ਕੋਈ ਖਿਆਲ ਕਰੇ ਕਿ ਇਹ ਐਵੇਂ ਭੁਚਲਾਉਣ ਲਈ ਹੀ ਉਚਾਰੇ ਗਏ ਹਨ। ਸਤਿਯਾਰਥੀ ਭਾਵ ਵਾਲ ਯਕੀਨੀ ਬਚਨ ਹਨ। ਹੇ ਸਚੜੇ ਮੀਤ ਪਿਆਰਿਓ! ਗੁਰੂ ਕੇ ਸਿਖੋ! ਇਹਨਾਂ ਬਚਨਾਂ ਨੂੰ ਸਤਿ ਸਤਿ ਕਰ ਕੇ ਮੰਨੋ।

ਨਾਮ ਬਿਹੂਨੜਿਆਂ ਦਾ ਜੀਉ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਅਗਨੀ ਵਿਚ ਜਲ ਬਲ ਕੇ ਦਗਧ ਹੋਇਆ ਵਿਆ ਹੁੰਦਾ ਹੈ। ਉਪਰੋਂ ਪਾਖੰਡ ਧਰਮੀ ਸਦਾਇ ਕੈ ਜਤੀ ਬਣ ਬਣ ਬਹਿੰਦੇ ਹਨ, ਪਰ ਲਖ ਯਤਨ ਕੀਤਿਆਂ ਭੀ ਉਹ ਕਾਮ ਉਤੇ ਹਾਵੀ ਨਹੀਂ ਹੋ ਸਕਦੇ। ਡੋਲ ਡੋਲ ਕੇ ਬਿਵਚਾਰੀ ਬਣ ਜਾਂਦੇ ਹਨ ਅਤੇ ਸਿਧੇ ਨਰਕਾਂ ਵਿਖੇ ਜਾ ਸਿਧਾਂਦੇ ਹਨ। ਯਥਾ ਗੁਰਵਾਕ :—

ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥ ਜਮਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥ [ਰਾਮਕਲੀ ਮ: ੧, ੯੦੬

ਇਸ ਗੁਰਵਾਕ ਤੇ ਭੀ ਜਮਪੁਰੀ ਸਿਧ ਹੁੰਦੀ ਹੈ ਜਿਥੇ ਕਿ ਨਰਕ ਸਿਧਾਰਨ ਤੇ, ਪਹਿਲਾਂ ਨਰਕੀ ਜੀਉ ਨੂੰ ਸਜਾਈਂ ਮਿਲਦੀਆਂ ਹਨ।

ਜਿਨ੍ਹਾਂ ਨੇ ਕੂੜਾਵਿਆਂ ਲਾਲਚਾਂ ਵਿਚ ਲੱਗ ਕੇ ਨਾਮ ਉੱਕਾ ਹੀ ਵਿਸਾਰ ਦਿਤਾ ਹੈ, ਉਨ੍ਹਾਂ ਦਾ ਚੋਰਾਸੀ ਦੇ ਗੇੜ ਵਿਚ ਹੀ ਸਾਰਾ ਜਨਮ ਬਤੀਤ ਹੁੰਦਾ ਹੈ ਤੇ ਮਰਨ ਸਮੇਂ ਜਮ ਆ ਕੇ ਸਿਰ ਦੇ ਵਾਲਾਂ ਤੋਂ ਫੜ ਕੇ ਉਹਨਾਂ ਨੂੰ ਮਾਰਦਾ ਹੈ, ਉਹਨਾਂ ਨੂੰ ਕਾਲ ਦੇ ਮੁਖ ਵਿਚ ਗਇਆਂ ਜਮਾਂ ਦੀ ਮਾਰ ਤੇ ਮਾਰ ਪੈਂਦੀ ਹੈ। ਬਿਨਾਂ ਗੁਰ-ਸ਼ਬਦ ਗੁਰਮਤਿ-ਨਾਮ ਦੇ ਗਤਿ ਪਤਿ ਕਿਤੇ ਨਹੀਂ ਪੈਂਦੀ। ਬਸ ਨਾਮ ਤੋਂ ਸੁੰਞੇ ਨਰਕ ਹੀ ਸਿਧਾਉਂਦੇ ਹਨ। ਯਥਾ ਗੁਰਵਾਕ :—

ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ ॥ ਜਾ ਜਮੁ ਧਾਇ ਕੇਸ ਗਹਿ ਮਾਰੈ ਸੁਰਤਿ ਨਹੀ ਮੁਖਿ ਕਾਲ ਗਇਆ ॥੩॥...ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮ ਨਾਮ ਬਿਨੁ ਨਰਕਿ ਗਇਆ ॥੪॥ [ਰਾਮਕਲੀ ਮ: ੧, ੯੦੬

ਜਿਨ੍ਹਾਂ ਵਡਭਾਗਿਆਂ ਨੇ ਨਾਮ ਨਿਧਾਨ ਪਾਇਆ ਹੈ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਉਹ ਨਰਕਾਂ ਨੂੰ ਨਹੀਂ ਜਾਣਗੇ। ਯਥਾ ਗੁਰਵਾਕ :—

ਨਾਮੁ ਨਿਧਾਨੁ ਪਾਇਆ ਵਡਭਾਗੀ ਨਾਨਕ ਨਰਕਿ ਨ ਜਾਈ ॥੧੧॥
[ਰਾਮਕਲੀ ਮ: ੫, ਅਸ:, ੯੦੫

ਜਿਨ੍ਹਾਂ ਦਾ ਮਨ ਸਦਾ ਜੰਜਾਲਾਂ ਵਿਖੇ ਵੇੜ੍ਹਿਆ ਹੋਇਆ ਹੈ ਉਹ ਸਾਰੀ ਉਮਰ ਜੰਜਾਲਾਂ ਵਿਖੇ ਹੀ ਖਪਤ ਖੱਚਤ ਰਹਿੰਦੇ ਹਨ, ਝੂਠੀਆਂ ਗੱਲਾਂ ਵਿਚ ਹੀ ਝੂਠ-ਮੂਠੀਆਂ ਕਰਤੂਤਾਂ ਵਿਚ ਲਥ ਪਥ ਰਹਿੰਦੇ ਹਨ। ਝੂਠ ਅਤੇ ਝੂਠ-ਜੀਵਨੀ-ਜੀਉ ਨਿਰਾ ਕਾਲ ਦਾ ਹੀ ਖਾਜਾ ਹੈ, ਐਸੇ ਪਾਪੀ ਜੀਵ ਨਾ ਤਾਂ ਜਮ ਕਾਲ ਦੀਆਂ ਚੋਟਾਂ ਤੋਂ ਬਚ ਸਕਦੇ ਹਨ ਨਾ ਉਹ ਅਗੇ ਜਾ ਕੇ ਨਰਕਾਂ ਵਿਚ ਪੈਣੋਂ ਰਹਿ ਸਕਦੇ ਹਨ, ਜ਼ਰੂਰ


www.AKJ.Org

ਨਰਕਾਂ ਵਿਚ ਪੈਣਗੇ ਅਤੇ ਜਮਾਂ ਦੀਆਂ ਚੋਟਾਂ ਸਹਿਣਗੇ। ਨਾਮ ਬਿਨਾਂ ਛੁਟਕਾਰਾ ਨਹੀਂ। ਨਾਮ ਬਿਹੂਨੜੇ ਨਰ ਪਾਪ ਵਿਚ ਪਚ ਪਚ ਕੇ ਰੀੜਦੇ ਹਨ। ਯਥਾ ਗੁਰਵਾਕ :—

ਨਰਕ ਪੜੰਤਉ ਕਿਉ ਰਹੈ ਕਿਉ ਬੰਚੈ ਜਮ ਕਾਲੁ ॥ ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈਕਾਲੁ ॥ ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥ ੮॥

[ਰਾਮਕਲੀ ਮ: ੧ ਓਅੰਕਾਰ, ੯੩੫

ਅਗਲਾ ਗੁਰਵਾਕ ਦਸਦਾ ਹੈ ਕਿ ਓਅੰਕਾਰ ਦੇ ਪਸਾਰੇ ਦੇ ਨਾਲ ਹੀ ਨਰਕ ਸੁਰਗ ਅਤੇ ਨਰਕ ਸੁਰਗਾਂ ਦੇ ਅਵਤਾਰੇ ਦੀ ਰਚਨਾ ਹੋਈ ਹੈ. ਭਾਵ ਨਰਕ ਸੁਰਗ, ਰਚਨਹਾਰ ਕਰਤਾਰ ਦੇ ਹੀ ਮੁਢ ਤੋਂ ਰਚੇ ਹੋਏ ਅਦ੍ਰਿਸ਼ਟ ਮੰਡਲੀ ਤਬਕੇ ਹਨ। ਐਵੇਂ ਫ਼ਰਜ਼ੀ ਕਹਾਉਤਾਂ ਹੀ ਨਹੀਂ, ਵਾਸਤਵੀ ਹੋਂਦਾਂ ਹਨ। ਯਥਾ ਗੁਰਵਾਕ—

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ [ਮਾਰੂ ਮ: ੫, ੧੦੦੩

ਤ੍ਰੈ-ਗੁਣੀ ਪਸਾਰੇ ਦੇ ਨਾਲ ਹੀ ਨਰਕ ਸੁਰਗ ਅਵਤਾਰੇ ਦਾ ਪਸਾਰਾ ਰਚਿਆ ਗਿਆ ਹੈ। ਚੰਦ ਸੂਰਜ ਗੈਣਾਰੀ ਰਚਨਾ ਜਦੋਂ ਰਚੀ ਗਈ, ਦਿਨ ਰਾਤੀਂ ਜਦੋਂ ਬਣਾਈਆਂ ਗਈਆਂ, ਤਦੋਂ ਹੀ ਨਰਕ ਸੁਰਗ ਦੀ ਰਚਤ ਰਚਨਾ ਰਚੀ ਗਈ। ਐਸੀ ਮੁਹਕਮ ਸ਼ਹਾਦਤ ਦੇ ਹੁੰਦਿਆਂ ਕੌਣ ਸਿਖ ਹੈ ਜੋ ਨਰਕ ਸੁਰਗ ਮੰਡਲਾਂ ਦੀ ਹੋਂਦ ਤੋਂ ਮੁਨਕਰ ਹੋ ਸਕਦਾ ਹੈ। ਬੇਅੰਤ ਰਚਨਾਵਾਂ ਵਿਚੋਂ ਨਰਕ ਸੁਰਗਾਂ ਦੀ ਤਬਕ ਮੰਡਲੀ ਰਚਨਾ ਭੀ ਵਖਰੀ ਹੈ। ਤ੍ਰੈ-ਗੁਣੀ ਪਸਾਰੇ ਦੀ ਉਤਪਤੀ ਦੇ ਸੰਗ-ਸਾਥ ਹੀ ਨਰਕ ਸੁਰਗ ਦੀ ਉਤਪਤੀ ਭੀ ਇਕ ਮੰਨਣ ਯੋਗ ਗੁਰਮਤਿ ਅਸੂਲ ਸਿਧਾਂਤੀ ਸੱਤਤਾ ਹੈ ਜਿਸ ਤੋਂ ਕੋਈ ਸਿਖ ਨਾਮ ਲੇਵਾ ਸਿਰ ਨਹੀਂ ਫਰ ਸਕਦਾ। ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨੂੰ ਵਿਸਰਨ ਵਾਲਾ ਹਰ ਪ੍ਰਾਣੀ ਅਗਲੀ ਦਰਗਾਹੇ ਨਰਕ ਵਿਚ ਪਾਇਆ ਜਾਂਦਾ ਹੈ। ਜਿਥੇ ਕੋਈ ਭੀ ਸਹਾਈ ਨਹੀਂ ਹੁੰਦਾ, ਨਾ ਕੋਈ ਬੰਧਪ ਮੀਤ ਅਤੇ ਨਾ ਕੋਈ ਮਾ ਜਾਇਆ ਭਾਈ, ਨ ਮਾਤ ਪਿਤਾ। ਯਥਾ ਗੁਰਵਾਕ :—

ਪ੍ਰਭ ਬਿਸਰਤ ਨਰਕ ਮਹਿ ਪਾਇਆ ॥ ਤਹ ਮਾਤ ਨ ਬੰਧੁ ਨ ਮੀਤ ਨ ਜਾਇਆ ॥ (੧੦੦੫)

ਇਸੇ ਗੁਰਵਾਕ ਦੀ ਹੋਰ ਪ੍ਰੋੜ੍ਹਤਾ ਇਸ ਅਗਲੇ ਗੁਰਵਾਕ ਵਿਚ ਇਉਂ ਹੈ :—

ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ ॥੮॥ [ਮਾਰੂ ਮ: ੧, ੧੦੧੪

ਭਾਵ ਨਾਮ ਦੇ ਬਿਸਰਨ ਕਰਕੇ ਐਸੇ ਦੋਖ ਲਗਦੇ ਹਨ ਕਿ ਨਾਮ ਬਿਸਾਰਨ-ਹਾਰਿਆਂ ਸਾਕਤਾਂ ਨੂੰ ਮਰਨ ਪਸਚਾਤ ਮਾਰ ਮਾਰ ਕੇ ਜਮ ਦੂਤ ਆਪਣੇ ਕਾਬੂ ਵਿਚ ਕਰ ਲੈਂਦੇ ਹਨ ਅਤੇ ਨਰਕਾਂ ਵਿਚ ਬੰਨ੍ਹ ਕੇ ਲੈ ਜਾਂਦੇ ਹਨ। ਅਤੇ ਅਗਲਾ ਗੁਰਵਾਕ ਹਾਮੀ ਭਰਦਾ ਹੈ ਕਿ ਉਸ ਦੇ ਦੁਖ ਦਰਦ ਕਲੇਸ਼ ਸਭ ਦੂਰ ਹੋ ਜਾਂਦੇ ਹਨ, ਜਿਸ ਦੇ ਵਾਹਿਗੁਰੂ ਮਨ ਵਿਚ ਵਸ ਜਾਂਦਾ ਹੈ। ਫੇਰ ਉਸ ਨੂੰ ਮੌਤ ਦਾ ਦੁਖ ਨਹੀਂ ਹੁੰਦਾ। ਅਗੇ ਜਾ ਕੇ ਨਰਕ ਤੇ ਨਰਕਾਂ ਦੇ ਅਸਥਾਨ ਬਿਖੜੇ ਉਸ ਨੂੰ ਭਾਗਣੇ ਨਹੀਂ ਪੈਂਦੇ, ਨਾ ਹੀ ਬਿਖ ਮਾਇਆ ਉਨ੍ਹਾਂ ਨੂੰ ਐਥੇ ਪੋਂਹਦੀ ਹੈ। ਯਥਾ ਗੁਰਵਾਕ :—

ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ ॥ ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ ॥

[ਮਾਰੂ ਮ: ੫: ਅਸ:, ੧੦੧੭

ਇਹ ਗੁਰਵਾਕ ਸਾਫ਼ ਸ਼ਾਹਦੀ ਭਰਦਾ ਹੈ ਕਿ ਅਗਲੇ ਲੋਕ ਵਿਚ ਨਰਕ ਆਦਿਕ ਬਿਖੜੇ ਅਸਥਾਨ ਬਣੇ ਹੋਏ ਹਨ, ਜੋ ਨਾਮ ਨਾਮੀ ਮੁਨਕਰਾਂ ਲਈ ਰੀਜ਼ਰਵ ਰਖੇ ਹੋਏ ਹਨ।

ਪਾਪੀ ਪੁਰਸ਼ਾਂ ਨੂੰ ਅਵੱਸ਼ ਅਗੇ ਜਾ ਕੇ ਖੁਆਰੀ ਹੈ। ਉਨ੍ਹਾਂ ਨੂੰ ਅਜ਼ਰਾਈਲ ਜਮਦੂਤ ਫ਼ਰਿਸ਼ਤਾ ਫੜ ਫੜ ਕੇ ਖੁਆਰ ਕਰੇਗਾ। ਸਿਰਜਨਹਾਰ ਦੇ ਹੁਕਮ ਨਾਲ ਉਹ ਦੋਜ਼ਕ (ਨਰਕ) ਵਿਚ ਪਾਇ ਜਾਣਗੇ ਅਤੇ ਧਰਮਰਾਇ ਰੂਪੀ ਬਾਣੀਆ ਉਹਨਾਂ ਤੋਂ ਲੇਖਾ ਮੰਗੇਗਾ। ਯਥਾ ਗੁਰਵਾਕ :—


www.AKJ.Org

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲ
ਫੜੇ ਫੜਿ ਕੁਠੇ ॥ ਦੋਜਕਿ ਪਾਇ ਸਿਰਜਣ-
ਹਾਰੈ ਲੇਖਾ ਮੰਗੈ ਬਾਣੀਆ ॥

[ਮਾਰੂ ਮ: ੫, ੧੦੧੯

ਇਸ ਗੁਰਵਾਕ ਦੁਆਰਾ ਅਜ਼ਰਾਈਲ (ਮੌਤ ਦੇ ਫ਼ਰਿਸ਼ਤੇ), ਦੋਜ਼ਕ ਅਤੇ ਧਰਮਰਾਇ ਤਿਹਾਂ ਦੀ ਹੋਂਦ ਸਿਧ ਹੁੰਦੀ ਹੈ ।

ਨਰਕ ਦੀ ਹੋਂਦ ਬਾਰੇ ਅਗਲਾ ਗੁਰਵਾਕ ਵਿਸ-ਥਾਰ ਪੂਰਬਕ ਸ਼ਾਹਦੀ ਭਰਦਾ ਹੈ :—

ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥ ਓਹੁ
ਆਦਿ ਜੁਗਾਦੀ ਰਾਮ ਸਨੇਹੀ ॥ ਦਰਗਹ
ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ
ਕੀਨਾ ਹੇ ॥੫॥ ਸਤਿਗੁਰੁ ਦਾਤਾ ਮੁਕਤਿ
ਕਰਾਏ ॥ ਸਭਿ ਰੋਗ ਗਵਾਏ ਅੰਮ੍ਰਿਤੁ ਰਸੁ
ਪਾਏ ॥ ਜਮੁ ਜਾਗਾਤਿ ਨਾਹੀ ਕਰੁ ਲਾਗੈ
ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥...
ਨਾਮੁ ਵਿਸਾਰਿ ਦੋਖ ਦੁਖ ਸਹੀਐ ॥ ਹੁਕਮੁ
ਭਇਆ ਚਲਣਾ ਕਿਉ ਰਹੀਐ ॥ ਨਰਕ
ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ
ਮੀਨਾ ਹੇ ॥੮॥ ਚਉਰਾਸੀਹ ਨਰਕ ਸਾਕਤ
ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ
ਬਾਧਾ ਗ੍ਰਸਿ ਦੀਨਾ ਹੇ ॥੯॥ ਖੰਡੇ ਧਾਰ
ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ
ਜਿਉ ਪੀੜੀ ॥ ਮਾਤ ਪਿਤਾ ਕਲਤ੍ਰ ਸੁਤ
ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ
ਕੀਨਾ ਹੇ ॥੧੦॥...ਇਕਿ ਦਰਿ ਸੇਵਹਿ
ਦਰਦੁ ਵਞਾਏ ॥ ਓਇ ਦਰਗਹ ਪੈਧੇ
ਸਤਿਗੁਰੂ ਛਡਾਏ ॥ ਹਉਮੈ ਬੰਧਨ ਸਤਿਗੁਰਿ
ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ
॥੧੬॥ [ਮਾਰੂ ਮ: ੧, ੧੦੨੮

ਭਾਵ ਸਤਿਗੁਰੂ ਬਾਝਹੁ ਮੁਕਤਿ ਕੈਸੀ ? ਮੁਕਤੀ ਸਤਿਗੁਰੂ ਬਾਝਹੁ ਮਿਲ ਹੀ ਨਹੀਂ ਸਕਦੀ । ਆਦਿ ਜੁਗਾਦੀ ਸਤਿਗੁਰੂ ਹੀ ਨਾਮ-ਸਨੇਹੀ ਬੇਲੀ ਹੈ । ਓਹੀ ਕਿਰਪਾ ਧਾਰ ਕੇ ਦਰਗਹ ਅੰਦਰ ਮੁਕਤ ਕਰਾਵਨ-ਹਾਰਾ ਹੈ ਅਤੇ ਕੀਤੇ ਅਵਗੁਣਾਂ ਨੂੰ ਬਖਸ਼ਣਹਾਰਾ ਹੈ । ਸਤਿਗੁਰੂ ਹੀ ਮੁਕਤ ਕਰਾਉਣਹਾਰਾ ਦਾਤਾਰਾ ਹੈ, ਅੰਮ੍ਰਿਤ ਰਸ ਅੰਮ੍ਰਿਤ-ਅਧਿਕਾਰੀਆਂ ਦੇ ਘਟ ਅੰਦਰ ਪਰਵੇਸ਼ ਕਰ ਕੇ ਸਭ ਰੋਗ ਮਿਟਾਵਣਹਾਰਾ ਹੈ । ਜਿਨ੍ਹਾਂ ਉਤੇ ਐਸੀ ਸਤਿਗੁਰੂ ਦੀ ਨਦਰ ਮੇਹਰ ਹੋਈ ਹੈ ਉਹਨਾਂ ਨੂੰ ਅਗੇ ਗਇਆਂ ਜਮ-ਜਾਗਾਤੀਆ ਡੰਨ (ਜੇਜ਼ੀਆ) ਨਹੀਂ ਲਗਦਾ । ਉਹਨਾਂ ਦੇ ਸੀਨਿਆਂ ਦੀ ਅਗਨੀ ਬੁਝੀ ਹੋਈ ਹੁੰਦੀ ਹੈ । ਨਾਮ ਦੀ ਠੰਢ ਨਾਲ ਉਹਨਾਂ ਦੇ ਸੀਨੇ ਠਰੇ ਹੋਏ ਹੁੰਦੇ ਹਨ । ਜੋ ਨਾਮ ਨੂੰ ਵਿਸਾਰਦੇ ਹਨ ਸੋਈ ਦੋਖ ਦੁਖ ਸਹਿੰਦੇ ਹਨ, ਸਾਰੀ ਉਮਰ ਹੀ ਪਾਪਾਂ ਵਿਚ ਗੁਜ਼ਾਰ ਲੈਂਦੇ ਹਨ । ਜਦੋਂ ਅੰਤੀ ਅਉਸਰ ਸਿਰ ਤੇ ਆਉਂਦੀ ਹੈ, ਓਦੋਂ ਚਲਣਾ ਹੀ ਬਣਦਾ ਹੈ । ਹੁਕਮ ਹੀ ਚਲਣ ਦਾ ਹੁੰਦਾ ਹੈ । ਕਿਵੇਂ ਕੋਈ ਠਹਿਰ ਸਕਦਾ ਹੈ ? ਜਿਹੜਾ ਪ੍ਰਾਣੀ ਸਾਰੀ ਉਮਰ ਪਾਪ ਹੀ ਪਾਪ ਕਮਾਉਂਦਾ ਹੈ ਅਤੇ ਨਾਮ ਇਕ ਨਿਮਖ ਭੀ ਨਹੀਂ ਧਿਆਉਂਦਾ ਉਹ ਨਰਕ ਰੂਪੀ ਖੂਹ ਵਿਚ ਅਗੇ ਜਾ ਕੇ ਗੋਤੇ ਖਾਂਦਾ ਹੈ ਅਤੇ ਉਸ ਦਾ ਬੁਰਾ ਮੰਦ ਹਾਲ ਇਉਂ ਹੁੰਦਾ ਹੈ ਜਿਉਂ ਜਲ ਤੋਂ ਬਾਹਰ ਕਢੀ ਹੋਈ ਮਛਲੀ ਦੇ ਤੜਫੇਵੇਂ ਦਾ ਹੁੰਦਾ ਹੈ । ਐਸੇ ਸਾਕਤ ਪੁਰਸ਼ ਨੂੰ ਚੋਰਾਸੀਹ ਨਰਕ ਭੋਗਣੇ ਪੈਂਦੇ ਹਨ । ਇਹ ਕੋਈ ਉਸ ਨਾਲ ਅਨਰਥ ਅਨਿਆਉ ਨਹੀਂ । ਜੈਸਾ ਉਸ ਨੇ ਪੂਰਬਲੇ ਜਨਮ, ਕਰਮ ਕੀਤਾ ਹੋਇਆ ਹੁੰਦਾ ਹੈ ਤੈਸਾ ਹੀ ਫਲ ਉਸ ਨੂੰ ਭੋਗਣਾ ਪੈਂਦਾ ਹੈ । ਕਿਰਤ ਕਰਮ ਦਾ ਬੱਧਾ ਹੋਇਆ ਉਹ ਨਰਕਾਂ ਵਿਚ ਗ੍ਰਸਿਆ ਜਾਂਦਾ ਹੈ । ਅਗੇ ਚਲ ਕੇ ਅਤਿ ਭੀੜੀ ਅਤੇ ਖੰਡੇ ਦੀ ਧਾਰ ਵਰਗੀ ਤਿਖੀ ਗਲੀ ਵਿਚ ਦੀ ਉਸ ਨੂ ਲੰਘਣਾ ਪੈਂਦਾ ਹੈ ਅਤੇ ਧਰਮਰਾਇ ਦਾ ਲੇਖਾ ਦੇਣਾ ਪੈਂਦਾ ਹੈ । ਉਥੇ ਐਉਂ ਪੀੜਿਆ ਜਾਂਦਾ ਹੈ ਜਿਉਂ ਕੋਹਲੂ ਵਿਚ ਤਿਲ ਪੀੜੇ ਜਾਂਦੇ ਹਨ । ਉਥੇ ਉਸ ਦਾ ਕੋਈ ਬੇਲੀ ਨਹੀਂ ਬਣਦਾ । ਨਾ ਮਾਤ ਪਿਤਾ, ਨਾ ਇਸਤ੍ਰੀ, ਨਾ ਪੁਤਰ, ਜਿਨ੍ਹਾਂ ਦੀ ਖ਼ਾਤਰ ਉਹ ਖੋਟੇ ਕਰਮ ਕਰਿ, ਸਾਰੀ ਉਮਰ ਪਾਪ ਕਮਾਉਂਦਾ ਰਿਹਾ ਹੁੰਦਾ ਹੈ ।



www.AKJ.Org

ਉਹਨਾਂ ਦੀ ਮੋਹ-ਮਮਤਾ ਵਿਚ ਗ੍ਰਸਿਆ ਹੋਇਆ ਨਾਮ ਜਪਣ ਦੇ ਮੁਕਤ ਸੁਮਾਰਗੀ ਰਾਹੇ ਨਹੀਂ ਪੈਂਦਾ। ਕੇਵਲ ਹੋਛੇ ਰਸਾਂ ਕਸਾਂ ਨੂੰ ਛਡ ਕੇ ਨਾਮ-ਰਸ ਰੱਤਿਆਂ ਹੀ ਏਹਨਾਂ ਨਰਕ ਪ੍ਰਾਇਣੀ ਅਪਦਾਵਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਮੋਖ-ਦੁਆਰਾ ਮਿਲਦਾ ਹੈ। ਇਕ ਐਸੇ ਹੀ ਵਡਭਾਗੇ ਹਨ ਜੋ ਉਮਰ ਭਰ ਸੇਵਾ ਭਗਤੀ ਵਿਚ ਲਗੇ ਰਹਿੰਦੇ ਹਨ, ਉਹਨਾਂ ਦੇ ਸਾਰੇ ਦੁਖ ਦਰਦ ਦੂਰ ਹੋ ਜਾਂਦੇ ਹਨ। ਸਤਿਗੁਰੂ ਉਹਨਾਂ ਨੂੰ ਦਰਗਾਹ ਅੰਦਰ ਛੁਡਾਇ ਲੈਂਦਾ ਹੈ। ਸਗੋਂ ਉਹਨਾਂ ਨੂੰ ਸਚੀ ਦਰਗਾਹੇ ਸਚੀ ਵਡਿਆਈ ਮਿਲਦੀ ਹੈ।

ਇਸ ਗੁਰਵਾਕ ਤੋਂ ਸਿਧ ਹੋਇਆ ਕਿ ਪਾਪੀ ਪੁਰਸ਼ਾਂ ਨੂੰ ਇੱਕ ਨਰਕ ਨਹੀਂ, ਚੌਰਾਸੀ ਨਰਕ ਭੋਗਣੇ ਪੈਂਦੇ ਹਨ, ਪਾਪਾਂ ਅਤੇ ਕਰਮਾਂ ਅਨੁਸਾਰ ਨਰਕ ਭੋਗਣੇ ਪੈਂਦੇ ਹਨ। ਚੌਰਾਸੀ ਲੱਖ ਜੂਨੀਆਂ ਵਿਚ ਪੈਣ ਨਿਕਲਣ ਰੂਪ ਨਰਕ ਵਖਰੇ ਰਹੇ। ਚੌਰਾਸੀ ਦੇ ਗੇੜ ਵਿਚ ਪੈਣਾ ਭੀ ਨਰਕ ਭੋਗਣਾ ਹੀ ਹੈ। ਪਰ ਨਿਰਾ ਇਸੇ ਉਤੇ ਹੀ ਨਰਕ ਭੁਗਤਣ ਦਾ ਇਕਤਫ਼ਾ ਨਹੀਂ। ਅਗਲੀ ਦਰਗਾਹ ਦੇ ਧਰਮ ਰਾਇ ਦੀ ਸਜਾਇ ਵਾਲੇ ਨਰਕ ਅਵੱਸ਼ ਭੋਗਣੇ ਪੈਂਦੇ ਹਨ। **ਬਹੁਤ ਸਾਰੇ ਲੋਕਾਂ ਦਾ ਖ਼ਿਆਲ ਹੈ ਕਿ ਜੰਮਣ ਮਰਨ ਦੇ ਦੁਖਾਂ ਵਿਚ ਪੈਣ ਤੋਂ ਹੀ ਮੁਰਾਦ ਨਰਕਾਂ ਵਿਚ ਪੈਣ ਦੀ ਹੈ। ਇਹ ਉਹਨਾਂ ਦੀ ਖ਼ਾਮ ਖ਼ਿਆਲੀ ਹੈ।** ਜੋ ਕਹਿੰਦੇ ਹਨ ਕਿ ਇਸ ਲੋਕ ਵਿਖੇ ਹੀ ਦੁਖਾਂ ਸੁਖਾਂ ਰੂਪੀ ਨਰਕ ਸੁਰਗ ਭੁਗਤ ਲਈਦੇ ਹਨ, ਅਗੇ ਚਲ ਕੇ ਨਰਕ ਸੁਰਗ ਨਹੀਂ ਭੁਗਤੀਦੇ। ਕਿਉਂਕਿ ਉਹਨਾਂ ਦੇ ਖਿਆਲ ਅੰਦਰ ਨਾ ਕੋਈ ਅੱਗਾ ਹੈ ਨਾ ਨਰਕ ਸੁਰਗ ਹਨ, ਨਾ ਧਰਮਰਾਇ ਹੈ, ਨਾ ਹੀ ਧਰਮਰਾਇ ਦੇ ਦੂਤ ਹਨ। ਪਰ ਇਸ ਗੁਰਵਾਕ ਤੋਂ ਤਾਂ ਸਭ ਕੁਝ ਹੀ ਸਿਧ ਹੋ ਗਿਆ। ਖੰਡੇ-ਧਾਰ ਭੀੜੀ ਗਲੀ ਵਿਚ ਦੀ ਲੰਘਣਾ ਭੀ ਸਿਧ ਹੋ ਗਿਆ। ਐਥੇ ਇਸ ਦੁਨੀਆ ਅੰਦਰ ਐਸੀ ਕਿਹੜੀ ਕਿਸੇ ਨੇ ਦੇਖੀ ਪਰਖੀ ਹੈ ਜੋ ਖੰਡਿਓਂ ਤਿਖੀ ਅਤੇ ਵ੍ਹਾਲਹੁ ਨਿਕੀ ਹੋਵੇ, ਐਸੀ ਭੀੜੀ ਤਿਖੀ ਖੰਡੇ-ਧਾਰ ਗਲੀ ਤਾਂ ਅਗਲੇ ਲੋਕ ਵਿਚ ਹੀ ਹੈ। ਇਸੇ ਗੁਰਵਾਕ ਤੋਂ ਜਮ ਜਾਗਾਤੀ ਭੀ ਸਿਧ ਹੁੰਦੇ ਹਨ। ਜੋ ਜਾਗਾਤ ਲੈਂਦੇ ਹਨ ਅਗੇ ਗਏ ਜੀਵਾਂ ਤੋਂ। ਇਹ ਭੀ ਸਿਧ ਹੁੰਦਾ ਹੈ ਕਿ ਧਰਮਰਾਇ ਅਗੇ, ਐਸੇ ਜੀਵਾਂ ਨੂੰ ਲੇਖਾ ਦੇਣਾ ਪੈਂਦਾ ਹੈ, ਤਿਲ ਕੋਹਲੂ ਪੀੜੇ ਜਾਣ ਦੀ ਸਜ਼ਾ ਮਿਲਦੀ ਹੈ। ਐਸੇ ਗੁਰਵਾਕਾਂ ਨੂੰ ਪੜ੍ਹ ਸੁਣ ਕੇ ਸਾਰ-ਗਰਾਹੀ ਜਗਿਆਸੂਆਂ ਨੂੰ ਭੈਭੀਤ ਹੋ ਕੇ ਪਾਪ ਕਰਮਾਂ ਤੋਂ ਹਟਣਾ ਸੰਕੁਚਣਾ ਚਾਹੀਦਾ ਹੈ। ਪਾਪਿਸ਼ਟ ਸਾਕਤਾਂ ਵਾਲੀ ਦਸ਼ਾ ਚੋਂ ਨਿਕਲ ਕੇ ਗੁਰੂ-ਦੁਆਰ ਹੋਇ ਸਾਹਿਬ ਸੰਭਾਲਣਾ ਅਤੇ ਫੇਰ ਸਾਰੀ ਉਮਰ ਗੁਰੂ ਗੁਰੂ ਕਰਦਿਆਂ ਹੀ ਬਿਤਾਉਣੀ ਚਾਹੀਦੀ ਹੈ, ਤਾਂ ਜਾ ਕੇ ਨਿਸਤਾਰਾ ਛੁਟਕਾਰਾ ਹੁੰਦਾ ਹੈ। ਨਹੀਂ ਤਾਂ ਅਵੱਸ਼ ਉਪਰ ਦਸੀਆਂ ਸਜ਼ਾਵਾਂ ਭੁਗਤਣੀਆਂ ਪੈਣਗੀਆਂ। ਹੇ ਕਰਤਾਰ ! ਹੇ ਗੁਰੂ ਦਾਤਾਰ ! ਬਖਸ਼ ਲੈ ਪਾਪ ਕਰੰਦੜਾਂ ਨੂੰ ਅਤੇ ਆਪਣੇ ਪੰਨੇ ਪਾਇ ਲੈ। ਛਡਾਇ ਲੈ ਨਰਕਾਂ ਦਿਆਂ ਫੇੜੇ ਫੜਿਆਂ ਨੂੰ।

['ਅਣਡਿਠੀ ਦੁਨੀਆ' ਵਿਚੋਂ ਧੰਨਵਾਦ ਸਹਿਤ


## ਪ੍ਰਸੰਨਤਾ ਭਰੀ ਸੂਚਨਾ

ਗੁਰਸਿਖਾਂ ਨੂੰ ਇਹ ਜਾਣ ਕੇ ਅਤੀ ਪ੍ਰਸੰਨਤਾ ਹੋਵੇਗੀ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਵਿਚ ਬਿਆਨ ਕੀਤੀਆਂ ਵਿਲੱਖਣ ਤੇ ਰਹੱਸ-ਮਈ ਘਟਨਾਵਾਂ ਨੂੰ ਵਖ ਵਖ ਟ੍ਰੈਕਟਾਂ ਦੀ ਸ਼ਕਲ ਵਿਚ ਛਾਪਿਆ ਜਾ ਰਿਹਾ ਹੈ, ਜੋ ਛੇਤੀ ਆਪ ਨੂੰ ਪ੍ਰਾਪਤ ਹੋ ਜਾਣਗੇ।

ਪਹਿਲੇ ਦੋ ਟ੍ਰੈਕਟ ਇਹ ਹਨ:—

੧. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ।

੨ ਗੁਰਬਾਣੀ ਦੀ ਪਾਰਸ-ਕਲਾ।

ਗੁਰਮਤਿ ਪਰਚਾਰ ਨੂੰ ਮੁਖ ਰਖਦਿਆਂ ਇਨ੍ਹਾਂ ਦੀ ਭਟਾ ਬਹੁਤ ਘਟ ਹੋਵੇਗੀ। 'ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ', ਟ੍ਰੈਕਟ ਦੇ ਸਫ਼ੇ ੬੪, ਕਾਗਜ਼ ਛਪਾਈ ਆਦਿ ਸੁੰਦਰ ਹੈ। ਲਾਗਤ ਪੰਜਾਹ ਪੈਸੇ ਹੈ, ਪਰ ਭੇਟਾ ਕੇਵਲ ੩੫ ਪੈਸੇ ਰੱਖੀ ਗਈ ਹੈ।

ਪਰਚਾਰ ਹਿਤ ਵੰਡਣ ਵਾਲੇ ਸਜਣ ਆਪਣੇ ਆਰਡਰ ਹੇਠ ਲਿਖੇ ਪਤੇ ਤੇ ਭੇਜਣ।

**'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ**




www.AKJ.Org

# ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ

[ਵਲੋਂ:—ਸ: ਰਾਮ ਸਿੰਘ ਜੀ ਸਕੁਐਡਨ ਲੀਡਰ (ਰੀ:), ਅੰਮ੍ਰਿਤਸਰ]

ਇਹ ਸਤ ਹੈ ਕਿ "ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥" ਭਾਵੇਂ ਕੋਈ ਕਿਸੇ ਸ਼੍ਰੇਣੀ ਵਿਚੋਂ ਹੋਵੇ, ਕਿਸੇ ਧਰਮ ਵਿਚੋਂ ਹੋਵੇ, ਕੋਈ ਬੋਲੀ ਬੋਲਦਾ ਹੋਵੇ, ਭਾਵੇਂ ਕਿਸੇ ਦੇਸ ਵਿਚ ਕਿਸੇ ਕੌਮੀਅਤ ਵਿੱਚ ਵਿਚਰ ਰਿਹਾ ਹੋਵੇ, ਜੇ ਉਸ ਦੇ ਮਸਤਕ ਤੇ ਧੁਰ ਇਲਾਹੀ ਕਲਮ ਵੁੜੀ ਹੈ ਤਾਂ ਉਸ ਦੇ ਵਾਸਤੇ ਗੁਰੂ ਨਾਨਕ ਸਾਹਿਬ ਦੀ ਚਰਨ-ਸਰਨ ਆਉਣ ਦੀ ਬਿਧੀ ਬਣ ਕੇ ਹੀ ਰਹੇਗੀ।

ਜਦੋਂ ਤੋਂ ਗੁਰੂ ਨਾਨਕ ਸਾਹਿਬ ਨੇ ਗੁਰਸਿਖੀ ਦਾ ਤੋਰਾ ਤੋਰਿਆ ਹੈ ਉਦੋਂ ਤੋਂ ਅਨੇਕ ਮੁਸਲਮਾਨ ਅਤੇ ਬੇਗਿਣਤ ਹਿੰਦੂ ਸਤਿਗੁਰਾਂ ਪਾਸੋਂ ਵਰੋਸਾਇ ਜਾ ਚੁਕੇ ਹਨ। ਵਰਤਮਾਨ ਸਮੇਂ ਵਿਚ ਲਗ ਪਗ ਦੋ ਲਖ ਦੇ ਕਰੀਬ ਈਸਾਈ ਮਜ਼ਹਬ ਦੇ ਧਾਰਨੀ (ਅਮਰੀਕਾ ਜਿਹੇ ਦੇਸ਼ ਵਿਚ) ਗੁਰਸਿਖ ਸਜ ਚੁਕੇ ਹਨ ਅਤੇ ਸਿਖ ਭੀ ਐਸੇ ਜੋ ਕਿ ਤੱਤ ਗੁਰਸਿਖੀ ਦੇ ਮੁਲਤਾਸ਼ੀ ਹਨ।

ਇਕ ਵਰਨਣ ਯੋਗ ਸਾਖੀ ੧੯੭੫ ਦੇ ਦੁਸਹਿਰੇ ਦੇ ਸਮਾਗਮ ਤੇ ਦਿਲੀ ਵਿਚ ਇਕੱਤ੍ਰ ਹੋਈਆਂ ਸੰਗਤਾਂ ਦੇ ਪੇਖਣ ਸੁਨਣ ਵਿਚ ਆਈ ਹੈ, ਜੋ ਇਸ ਪ੍ਰਕਾਰ ਹੈ:—

ਮਦਰਾਸ ਦਾ ਵਸਨੀਕ ਇਕ ਸੱਜਣ ਕਿਸੇ ਦੇਵੀ ਦਾ ਪੂਜਾਰੀ ਸੀ। ਬਚਪਨ ਤੋਂ ਹੀ ਉਹ ਪਿਤਾ-ਪੁਰਖੀ ਅਨੁਸਾਰ ਦੇਵੀ ਦੀ ਪੂਜਾ ਕਰਦਾ ਆ ਰਿਹਾ ਸੀ। ਦੇਵੀ ਨੇ ਉਸ ਦੀ ਪੂਜਾ ਅਤੇ ਪ੍ਰੇਮ-ਭਾਵਨਾ ਤੇ ਪਸੀਜ ਕੇ ਉਸ ਨੂੰ ਪਰਤੱਖ ਦਰਸ਼ਨ ਦਿਤੇ—ਇਕ ਬਾਰ ਨਹੀਂ ਕਈ ਬਾਰ। ਪੂਜਾਰੀ ਆਪਣੇ ਮਨਿ ਚਿਤਿ ਬਹੁਤ ਖ਼ੁਸ਼ ਸੀ ਕਿ ਉਸ ਦੀ ਪੂਜਾ ਥਾਇ ਪਈ ਹੈ। ਦੇਵੀ ਇਸ ਪੂਜਾਰੀ ਦੇ ਕੰਮ-ਕਾਜ ਵਿਚ ਕਾਫ਼ੀ ਅਗਵਾਈ ਕਰਦੀ ਰਹੀ—ਉਸ ਨੂੰ ਹਰ ਨੁਕਸਾਨ ਵਾਲੇ ਕਾਰਜ ਤੋਂ ਵਰਜਦੀ ਰਹੀ ਅਤੇ ਲਾਭਦਾਇਕ ਕਾਰਜਾਂ ਵਿਚ ਅਗਵਾਈ ਦੇਂਦੀ ਰਹੀ।

ਇਸ ਪ੍ਰਕਾਰ ਵਿਚਰਦਿਆਂ ਕਾਫ਼ੀ ਸਮਾਂ ਬਤੀਤ ਹੋ ਗਿਆ ਤਾਂ ਇਸ ਪ੍ਰੇਮੀ ਨੇ ਦੇਵੀ ਨੂੰ ਮੁਕਤੀ ਦੇਣ ਬਾਰੇ ਬੇਨਤੀ ਕੀਤੀ। ਦੇਵੀ ਨੇ ਉਤਰ ਵਿੱਚ ਕਿਹਾ ਕਿ "ਇਹ ਮੇਰੇ ਅਖਤਿਆਰ ਨਹੀਂ ਹੈ।" ਇਹ ਸੁਣ ਕੇ ਪ੍ਰੇਮੀ ਨੂੰ ਬੜੀ ਨਿਰਾਸਤਾ ਹੋਈ। (ਇਸ ਵਿਚਾਰੇ ਨੂੰ ਕੀ ਪਤਾ ਸੀ ਕਿ "ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ" ॥ ੮੯੪) ਅਤੇ ਕਹਿਣ ਲੱਗਾ ਕਿ "ਫਿਰ ਇਹ ਕਿਥੋਂ ਮਿਲੇਗੀ?" ਉੱਤਰ ਵਿੱਚ ਦੇਵੀ ਨੇ ਕਿਹਾ ਕਿ "ਜਦੋਂ ਤੂੰ ਇਸ ਜਗ੍ਹਾ ਤੋਂ ਬਦਲ ਕੇ ਦੂਜੀ ਜਗ੍ਹਾ ਜਾਏਂਗਾ ਓਥੇ ਇਸ ਬਾਰੇ ਤੇਰੀ ਕੋਈ ਅਗਵਾਈ ਕਰੇਗਾ। ਉਸ ਦਾ ਬਚਨ ਮੰਨ ਲੈਣ ਨਾਲ ਤੇਰਾ ਕੰਮ ਬਣ ਜਾਵੇਗਾ। ਤੈਨੂੰ ਆਪਣਾ ਧਰਮ ਵੀ ਬਦਲਣਾ ਪਵੇਗਾ।"

ਸਮਾਂ ਆਉਣ ਤੇ ਇਹ ਪ੍ਰੇਮੀ ਬਦਲ ਕੇ ਵਿਜਿਅ ਵਾਡਾ ਸ਼ਹਿਰ ਵਿਚ ਪਹੁੰਚ ਗਿਆ ਅਤੇ ਇਸ ਬਾਤ ਤੋਂ ਚੌਕਸ ਰਿਹਾ ਕਿ ਕੌਣ ਇਸ ਦੀ ਅਗਵਾਈ ਕਰਦਾ ਹੈ। ਇਕ ਦਿਨ ਗੁਰੂ-ਨੇਤ ਦਸਮੇਸ਼ ਪਿਤਾ ਜੀ ਦਾ ਇਕ (ਹੀਰਾ) ਸਿੰਘ ਨਿਤਨੇਮ ਕਰ ਰਿਹਾ ਸੀ। ਜਦ ਬਾਣੀ ਦੀਆਂ ਤੁਕਾਂ ਇਸ ਮਦਰਾਸੀ ਵੀਰ ਦੇ ਕੰਨੀਂ ਪਈਆਂ ਤਾਂ ਇਸ ਦੇ ਸਰੀਰ ਵਿਚ ਬਿਜਲੀ ਦੀ ਨਰਮ ਜਿਹੀ ਕਰੰਟ ਵਤ ਝਰਨਾਹਟ ਛਿੜ ਗਈ। ਇਸ ਨੂੰ ਖਿਆਲ ਆਇਆ ਕਿ "ਐਸਾ ਮੇਰੇ ਨਾਲ ਕਦੀ ਨਹੀਂ ਹੋਇਆ। ਇਹ ਕੀ ਭਾਣਾ ਵਰਤਿਆ ਹੈ? ਕਿਤੇ ਐਸਾ ਨਾ ਹੋਵੇ ਕਿ ਇਸ ਸਰਦਾਰ ਸੱਜਣ ਨੇ ਹੀ ਮੇਰੀ ਅਗਵਾਈ ਕਰਨੀ ਹੋਵੇ!" ਇਸ ਤਰ੍ਹਾਂ ਦੇ ਵਿਚਾਰ ਹਿਰਦੇ ਵਿਚ ਰੱਖ ਕੇ ਇਹ ਵੀਰ ਉਸ ਸਿੰਘ ਪਾਸ ਜਾ ਕੇ ਉਸ ਨੂੰ ਪੁੱਛਣ ਲੱਗਾ, "ਮੁਆਫ਼ ਕਰਨਾ, ਤੂੰ ਇਹ ਕੀ ਪੜ੍ਹ ਰਿਹਾ ਏਂ, ਜਿਸ ਨੂੰ ਸੁਣ ਕੇ ਮੇਰੇ ਸਰੀਰ ਵਿਚ ਝਰਨਾਹਟ ਛਿੜ ਗਈ ਹੈ?" ਤਾਂ ਸਿੰਘ ਨੇ ਦੱਸਿਆ ਕਿ ਉਹ ਗੁਰੂ ਨਾਨਕ ਸਾਹਿਬ ਦੀ ਬਾਣੀ ਪੜ੍ਹ ਰਿਹਾ ਸੀ।

ਫਿਰ ਮਦਰਾਸੀ ਵੀਰ ਨੇ ਦੇਵੀ ਵਾਲੀ ਵਾਰਤਾ ਸੁਣਾਈ ਅਤੇ ਪੁੱਛ ਕੀਤੀ ਕਿ, "ਕੀ ਤੂੰ ਮੇਰੀ ਕੋਈ



www.AKJ.Org

ਅਗਵਾਈ ਕਰ ਸਕਦਾ, ਹੈਂ, ਜਿਸ ਨਾਲ ਮੈਨੂੰ ਮੁਕਤੀ ਦੀ ਦਾਤ ਪ੍ਰਾਪਤ ਹੋ ਜਾਵੇ ?" ਤਾਂ ਸਿੰਘ ਨੇ ਉਤਰ ਵਿਚ ਕਿਹਾ ਕਿ, "ਤੂੰ ਠੀਕ ਜਗ੍ਹਾ ਆ ਗਿਆ ਹੈਂ। ਮੁਕਤੀ ਕੇਵਲ ਗੁਰੂ ਨਾਨਕ ਸਾਹਿਬ ਦੇ ਹੀ ਪਾਸ ਹੈ, ਜਿਸ ਨੂੰ ਪ੍ਰਾਪਤ ਕਰਨ ਵਾਸਤੇ ਤੈਨੂੰ ਅੰਮ੍ਰਿਤ ਛਕ ਕੇ (ਸਿੰਘਣੀ ਸਮੇਤ) ਸਿੰਘ ਸਜਣਾ ਪਵੇਗਾ। ਅੰਮ੍ਰਿਤ-ਸਮਾਗਮ ਦਾ ਸਮਾਂ ਆਉਣ ਤਕ ਗੁਰਮੁਖੀ ਸਿਖ ਕੇ ਬਾਣੀ ਪੜ੍ਹਨ ਦੀ ਮੁਹਾਰਤ ਸ਼ੁਰੂ ਕਰ ਦੇ।"

ਬੱਸ, ਇਤਨੀ ਗੱਲ ਦੀ ਦੇਰ ਸੀ। ਮਦਰਾਸੀ ਵੀਰ ਨੇ ਆਪਣੀ ਵਹੁਟੀ ਸਮੇਤ ਗੁਰਮੁਖੀ ਪੜ੍ਹਨੀ ਸ਼ੁਰੂ ਕਰ ਦਿਤੀ ਅਤੇ ਦਨਾਂ ਵਿਚ ਹੀ ਨਿਤਨੇਮ ਸ਼ੁਰੂ ਕਰ ਦਿਤਾ। ਫਿਰ ਰੰਗ ਐਸਾ ਬੱਝਾ ਕਿ ਸੱਚੇ ਪਾਤਸ਼ਾਹ ਦਾ ਸਰੂਪ ਵੀ ਘਰ ਲੈ ਆਂਦਾ। ਰੰਗ ਰਤੜੇ ਦੰਪਤੀ ਨੇ ਖ਼ਾਲਸਈ ਨਿਸ਼ਾਨ ਸਾਹਿਬ ਭੀ ਆਪਣੇ ਘਰ ਵਿਚ ਲਿਆ ਝੁਲਾਇਆ ਅਤੇ ਲਗੇ ਦਿੱਲੀ ਦੇ ਦੁਸਹਿਰੇ ਦੇ ਸਮਾਗਮ ਦਾ ਇੰਤਜ਼ਾਰ ਕਰਨ। ਦੁਸਹਿਰੇ ਦਾ ਸਮਾਗਮ ਆਉਣ ਤਕ ਇਸ ਪ੍ਰੇਮੀ ਦੀ ਘਰ-ਵਾਲੀ ਸੁਖਮਨੀ ਸਾਹਿਬ ਦੀ ਨਿਤਨੇਮਣ ਭੀ ਹੋ ਗਈ।

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ
ਰਾਮ ॥ (੮੪੫)

ਉਡੀਕਦਿਆਂ ਨੂੰ ਦੁਸਹਿਰਾ ਆ ਗਿਆ। ਇਹ ਦੰਪਤੀ ਸਮੇਤ ਦੋ ਬੱਚਿਆਂ ਦੇ ਦਿਲੀ ਪਹੁੰਚ ਗਏ। ਗੁਰੂ ਗੁਰੂ ਕਰਦੇ ਜਹਾਜ਼ੇ ਚੜ੍ਹ ਗਏ ਅਤੇ ਸਚੇ ਗੁਰਦੇਵ ਦੇ ਖੰਡਾਕਾਰ ਨਾਮ ਅਭਿਆਸੀ ਖ਼ਾਲਸੇ ਸਜ ਗਏ। ਗੁਰਮੰਤ੍ਰ ਮਿਲਦਿਆਂ-ਸਾਰ ਹੀ ਟੱਲੀ ਵਤ ਨਾਮ ਦਾ ਖੰਡਾ ਚਲ ਪਿਆ। ਸਤਿਗੁਰਾਂ ਦੇ ਸਨਮੁਖਿ ਹੋ ਕੇ ਸਤਿਗੁਰਾਂ ਨੂੰ ਅੱਖੀਂ ਦੇਖ ਲਿਆ, ਪਰਤਿਆਅ ਲਿਆ ਅਤੇ ਆਪਣਾ ਜਨਮ ਸੰਵਾਰ ਲਿਆ।

ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ
ਲੇਖੁ ॥ ਤਿਨਿ ਜਨਮੁ ਸਵਾਰਿਆ ਆਪਣਾ
ਜਿਨਿ ਗੁਰ ਅਖੀ ਦੇਖੁ ॥ (੧੦੯੯)

ਇਸ ਤੋਂ ਮਨ ਵਿਚ ਇਕ ਵਿਚਾਰ ਪੈਦਾ ਹੁੰਦੀ ਹੈ ਕਿ ਦੇਵੀ ਨੇ ਵਿੰਗੇ ਟੇਢੇ ਤ੍ਰੀਕੇ ਨਾਲ ਆਪਣੇ ਪੁਜਾਰੀ ਦੀ ਅਗਵਾਈ ਕੀਤੀ। ਸਿੱਧਾ ਕਿਉਂ ਨਾ ਕਹਿ ਦਿੱਤਾ ਕਿ, "ਤੈਨੂੰ ਮੁਕਤੀ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਪ੍ਰਾਪਤ ਹੋਵੇਗੀ।" ਇਸ ਵਿਚ ਇਕ ਵੱਡਾ ਭੇਦ ਹੈ। ਉਹ ਭੇਦ ਇਹ ਹੈ ਕਿ-ਗੁਰੂ ਨਾਨਕ ਸਾਹਿਬ ਦਾ ਨਾਮ, ਜਾਂ ਰੱਬ ਦਾ ਨਾਮ, ਜਾਂ ਗੁਰਬਾਣੀ ਦੀ ਤੁਕ ਅਥਵਾ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਰਿਆ ਹੋਇਆ ਸ਼ਬਦ ਜਾਂ ਉਸ ਸ਼ਬਦ ਦਾ ਕੋਈ ਭਾਗ ਕੇਵਲ ਮਨੁੱਖਾ ਜਨਮ ਵਿਚ ਹੀ ਉਚਾਰਿਆ ਜਾ ਸਕਦਾ ਹੈ, ਮਨੁੱਖਾ ਦੇਹੀ ਤਿਆਗ ਜਾਣ ਦੇ ਬਾਅਦ ਨਹੀਂ। ਨਾਮੁ ਜਪਣਾ ਤਾਂ ਕਿਧਰੇ ਰਿਹਾ, ਦੇਵੀ ਦੇਵਤੇ ਸਤਿਗੁਰਾਂ ਦਾ ਨਾਮ ਭੀ ਮੂੰਹੋਂ ਨਹੀਂ ਕਹਿ ਸਕਦੇ। ਇਤਨੀ ਬੇਵਸੀ ਦੀ ਹਾਲਤ ਵਿਚ ਇਹ ਮੁਕਤੀ ਕਿਸੇ ਨੂੰ ਕੀ ਦੇ ਸਕਦੇ ਹਨ ! ਸ੍ਰੀ ਮੁਖਵਾਕ ਦਵਾਰਾ ਸਤਿਗੁਰ ਸਚੇ ਪਾਤਸ਼ਾਹ, ਜੋ ਕਿ 'ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ" ਹਨ, ਦੇਵੀ ਨੂੰ ਮੁਖ਼ਾਤਿਬ ਕਰ ਕੇ ਤਾੜਨਾ ਸਹਿਤ ਪੁਛਦੇ ਹਨ—

"ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ
ਕੀ ਬਰੀਆ ਕਹਾ ਛਪਾਨੀ ॥" (੮੭੪)

ਤਾਂ ਤੇ ਸਾਨੂੰ, ਜੋ ਅਜੇ ਮਨੁੱਖਾ ਜਾਮੇ ਵਿਚ ਹੀ ਵਿਚਰ ਰਹੇ ਹਾਂ, ਆਪਣੇ ਆਪ ਨੂੰ ਬਹੁਤ ਖੁਸ਼-ਕਿਸਮਤ ਸਮਝਣਾ ਚਾਹੀਦਾ ਹੈ ਕਿ ਸਾਨੂੰ ਇਹ ਸੂਝ ਪੈ ਗਈ ਹੈ ਕਿ ਮੁਕਤੀ ਕੇਵਲ ਗੁਰੂ ਨਾਨਕ ਸਾਹਿਬ ਦੇ ਦਰੋਂ ਹੀ ਪ੍ਰਾਪਤ ਹੋ ਸਕਦੀ ਹੈ। ਜੀਵਨ ਦਾ ਤਾਂ ਕੋਈ ਭਰੋਸਾ ਹੀ ਨਹੀਂ ਹੈ।

ਹਮ ਆਦਮੀ ਹਾਂ ਇਕ ਦਮੀ ਮੁਹਲਤਿ
ਮੁਹਤੁ ਨ ਜਾਣਾ ॥ (੬੬੦)

ਤਾਂ ਫਿਰ ਅਸੀਂ ਰਾਤ ਦਿਨ ਨ ਚੜ੍ਹਨ ਦੇਈਏ ਅਤੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਕੇ ਖ਼ੂਬ ਨਾਮ ਜਪੀਏ, ਬਾਣੀ ਪੜ੍ਹੀਏ ਅਤੇ ਜਿਸ ਮਨੋਰਥ ਲਈ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ ਉਸ ਮਨੋਰਥ ਨੂੰ ਪੂਰਾ ਕਰ ਕੇ ਮੁਖ ਉਜਲਾ ਲੈ ਕੇ ਹਰਿ-ਦਰਗਹਿ ਪੈਧੇ ਜਾਈਏ, ਜਨਮ ਮਰਨ ਤੋਂ ਰਹਿਤ ਹੋ ਜਾਈਏ ਅਤੇ "ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰ ਅਖੀ ਦੇਖੁ" ਵਾਲੀ ਅਵਸਥਾ ਨੂੰ ਪਹੁੰਚ ਜਾਈਏ। ਨਹੀਂ ਤਾਂ ਕਿਤੇ ਐਸਾ ਨਾ ਹੋਵੇ ਕਿ ਪਛੋਤਾਵਾ ਹੀ ਰਹਿ ਜਾਏ ਅਤੇ "ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ" ਵਾਲੀ ਦਸ਼ਾ ਨੂੰ ਪ੍ਰਾਪਤ ਹੋ ਜਾਈਏ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ। ਭੁੱਲ ਚੁੱਕ ਮੁਆਫ਼।

www.AKJ.Org

# ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਦੀ ਸੱਭਿਆਚਾਰਕ ਦੇਣ

[ਵਲੋਂ:— ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ']

ਸਾਡਾ ਸੱਭਿਆਚਾਰਕ ਖੇਤ੍ਰ ਅਸਲ ਵਿਚ ਨਿਰਮਲ ਜੀਵਨ ਵਾਲੇ ਸਿੱਖ ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਦੇ ਸ਼ੁਭ ਵਿਚਾਰਾਂ ਦੀ ਉਪਜ-ਨਿਪਜ ਹੈ। ਕਾਰਨ ਇਸਦਾ ਬਹੁਤਾ ਇਹੋ ਹੈ ਕਿ ਪ੍ਰਾਗ-ਇਤਿਹਾਸਕ ਕਾਲ ਵਿਚ ਜਨ-ਸਮਾਜ ਦੀ ਵਾਗ-ਡੋਰ ਬਹੁਤੀ ਪੁਰੋਹਿਤ ਜਾਤੀ ਦੇ ਹੱਥ ਸੀ, ਜਿਸ ਕਾਰਨ ਅਨੇਕਾਂ ਖ਼ੁਦ-ਗਰਜ਼ੀਆਂ ਤੇ ਤੰਗ-ਦਿਲੀਆਂ ਹੀ ਜਨ-ਜੀਵਨ ਦਾ ਅੰਗ ਬਣੀਆਂ ਰਹੀਆਂ ਪ੍ਰਾਸ਼ਰ ਸਿਮ੍ਰਤੀ, ਇਸੇ ਕਰਕੇ ਬਹੁਤੇ ਜਾਤੀ ਜਾਂ ਜਮਾਤੀ ਗੁੱਟ-ਬੰਦੀਆਂ ਦੇ ਘੋਲਾਂ ਵਿਚ ਫ਼ਿਰਕੇ-ਦਾਰੀ ਤੇ ਵਰਣ-ਆਸ਼੍ਰਮ ਦਾ ਤੰਦਣ-ਤਾਣਾ ਤਣਦਾ ਰਿਹਾ। ਨਤੀਜੇ ਵਜੋਂ ਸਾਡਾ ਜਨ-ਸਮਾਜ ਵੇਦਕ ਕਾਲ ਤੋਂ ਲੈ ਕੇ ਪੁਰਾਣਿਕ ਕਾਲ ਤਕ ਕਈ ਪ੍ਰਕਾਰ ਦੇ ਜਾਤੀ, ਜਮਾਤੀ ਤੇ ਅੰਤਰ-ਜਾਤੀ ਵਰਗਾਂ ਵਿਚ ਵੰਡਿਆ ਗਿਆ, ਜਿਸ ਦਾ ਪਤਾ ਪੁਰਾਤਨ ਵਿਚਾਰਧਾਰਾ ਦਾ ਅਧਿਐਨ ਕਰਨ ਤੋਂ ਚੰਗੀ ਤਰ੍ਹਾਂ ਲਗਦਾ ਹੈ। ਹਿੰਦੂ ਧਰਮ-ਸ਼ਾਸਤ੍ਰ ਮਨੂ ਸਿਮ੍ਰਤੀ, ਯਾਗਵਲਕ ਸਿਮ੍ਰਤੀ ਆਦਿ ਨੇ ਇਸ ਜਾਤੀ, ਜਮਾਤੀ ਤੇ ਅੰਤਰ-ਜਾਤੀ ਵਰਗਾਂ ਦੀ ਗੁੱਟ-ਬੰਦੀ ਨੂੰ ਕਰਮ-ਕਾਂਡ ਦੀਆਂ ਵਲਗਣਾਂ ਵਿਚ ਵਲ ਕੇ ਹੋਰ ਵੀ ਮਜ਼ਬੂਤ ਕੀਤਾ, ਜਿਵੇਂ ਕਿ ਭਗਤ ਕਬੀਰ ਜੀ ਦਾ ਕਥਨ ਹੈ—

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਕਲ
ਜੇਵਰੀ ਲੈ ਹੈ ਆਈ ॥੧॥

[ਗਉੜੀ ਕਬੀਰ ਜੀ, ੩੨੯

ਇਸ ਪੁਰਾਣਿਕ ਜੁਗ ਦੇ ਅੰਤ ਵਿਚ ਭਗਵਾਨ ਮਹਾਂਵੀਰ ਤੇ ਮਹਾਤਮਾ ਬੁੱਧ ਨੇ ਇਨ੍ਹਾਂ ਜਾਤੀ, ਜਮਾਤੀ ਜਾਂ ਅੰਤਰ-ਜਾਤੀ ਗੁੱਟ-ਬੰਦੀਆਂ ਦਾ ਬੰਨ੍ਹ ਤੋੜਿਆ ਤੇ ਜਨ-ਸਮਾਜ ਨੂੰ ਯੱਗ, ਹਵਨ ਆਦਿ ਫੋਕਟ ਕਰਮਾਂ ਵਲੋਂ ਹਟਕ ਕੇ, ਜਿਨ੍ਹਾਂ ਵਿਚ ਜੀਵ-ਹਿੰਸਾ ਤੇ ਤੰਤ੍ਰ-ਵਾਦ ਹੀ ਪ੍ਰਧਾਨ ਸੀ, ਅਹਿੰਸਾਵਾਦ ਦੇ ਰਾਹ ਪਾਇਆ। ਫੇਰ ਇਸ ਧਾਰਮਿਕ ਸੰਘਰਸ਼ ਕਾਰਨ ਬੁੱਧ ਧਰਮ ਦੀ ਮਹਾ ਯਾਨ ਸੰਪ੍ਰਦਾਇ ਵਿਚੋਂ ਚੁਰਾਸੀ ਸਿੱਧ ਤੇ ਨੌਂ ਨਾਥ (ਕੰਨ-ਪਾਟੇ ਜੋਗੀ), ਜਿਨ੍ਹਾਂ ਵਿਚ ਆਦਿ ਨਾਥ, ਗੋਰਖ ਨਾਥ, ਮਛੰਦਰ ਨਾਥ ਆਦਿ ਦਾ ਪ੍ਰਮੁਖ ਸਥਾਨ ਹੈ, ਜਾਤਿ ਪਾਤਿ ਦੇ ਵਿਰੋਧੀ ਹੋਣ ਕਰ ਕੇ ਮਨੁੱਖੀ ਏਕਤਾ ਦੇ ਪ੍ਰਚਾਰਕ ਸਦਵਾਏ।

ਸਿੱਧ ਜੋਗੀਆਂ ਤੇ ਨਾਥਾਂ ਦੇ ਨਾਲ ਹੀ ਭਗਤੀ ਲਹਿਰ ਦੀ ਦੂਜੀ ਸ਼ਾਖ਼ ਸੀ ਸਾਧੂ ਸੰਤਾਂ ਦੀ ਵੈਸ਼ਨਵ ਸੰਪ੍ਰਦਾਇ, ਜਿਸ ਨੇ ਭਾਰਤੀ ਸੱਭਿਆਚਾਰ ਨੂੰ ਨਵੀਂ ਸੇਧ ਦੇਣ ਲਈ ਬੜਾ ਅਸਚਰਜ ਰੋਲ ਅਦਾ ਕੀਤਾ। ਭਗਤ ਕਬੀਰ ਜੀ, ਨਾਮ ਦੇਵ ਜੀ, ਪਰਮਾਨੰਦ ਜੀ, ਰਾਮਾਨੰਦ ਜੀ, ਤ੍ਰਿਲੋਚਨ ਜੀ, ਧੰਨਾ ਜੀ, ਪੀਪਾ ਜੀ, ਸਧਨਾ ਜੀ, ਜੈਦੇਵ ਜੀ, ਬੇਣੀ ਜੀ, ਰਵਿਦਾਸ ਜੀ, ਸੂਰਦਾਸ ਜੀ, ਮੀਰਾਂ ਬਾਈ, ਕਰਮਾਂ ਬਾਈ ਆਦਿ ਸਭ ਇਸੇ ਲਹਿਰ ਦੇ ਹੀਰੇ, ਪੰਨੇ ਤੇ ਮਾਣਕ-ਮੋਤੀ ਹਨ। ਇਨ੍ਹਾਂ ਸੰਤਾਂ ਤੇ ਭਗਤਾਂ ਨੇ ਇਕ ਈਸ਼੍ਵਰਵਾਦ ਦਾ ਪ੍ਰਚਾਰ ਕਰ ਕੇ ਜਿੱਥੇ ਅਨੇਕ ਦੇਵੀ-ਦੇਵਤਿਆਂ ਦੀ ਪੂਜਾ ਦਾ ਖੰਡਨ ਕਰ ਕੇ ਜਨ-ਸਮਾਜ ਨੂੰ ਏਕਤਾ ਦੇ ਰਾਹ ਪਾਇਆ ਉਥੇ ਨਾਲ ਹੀ ਜਾਤਿ ਪਾਤਿ ਦਾ ਖੰਡਨ ਕਰ ਕੇ ਊਚ-ਨੀਚ ਦੇ ਭਿੰਨ-ਭੇਦ ਨੂੰ ਦੂਰ ਕਰਨ ਲਈ ਪੂਰੇ ਜਤਨ ਕੀਤੇ।

ਭਾਰਤ ਵਿਚ ਜਾਤੀ ਭਿੰਨ-ਭੇਦ ਤੋਂ ਵਿਰੁੱਧ ਭਾਵੇਂ ਜੈਨ ਮਤ ਤੇ ਬੁੱਧ ਮਤ ਦੋਵੇਂ ਮਨੁੱਖੀ ਏਕਤਾ ਦੇ ਪ੍ਰਚਾਰਕ ਸਨ, ਪਰ ਤਦ ਵੀ ਈਸਵੀ ਅਠਵੀਂ ਨੌਵੀਂ ਸਦੀ ਵਿਚ ਏਥੇ ਮੁਸਲਮਾਨਾਂ ਦੇ ਆਉਣ ਤੇ, ਪੁਰਾਣਿਕ ਦੇਵਤ-ਵਾਦ, ਬੁਤ-ਪ੍ਰਸਤੀ ਤੇ ਜਾਤੀ-ਵਾਦ ਦੀ ਵਰਣ-ਵਿਵਸਥਾ ਵਿਚ ਫਸੇ ਲੋਕਾਂ ਨੂੰ, ਇਸਲਾਮਿਕ ਸੰਘਰਸ਼ ਨੇ ਚੰਗੀ ਤਰ੍ਹਾਂ ਗਲੋਂ ਫੜ ਕੇ ਹਿਲੂਣਿਆ। ਇਸ ਦਾ ਫਲ ਸਰੂਪ ਏਥੇ ਭਗਤੀ ਲਹਿਰ ਦੇ ਨਾਲ ਹੀ ਸੂਫ਼ੀ-ਵਾਦ' ਦਾ ਪ੍ਰਵੇਸ਼ ਹੋਇਆ। ਮੁੱਢਲੇ ਮੁਸਲਮਾਨ ਸੂਫ਼ੀਆਂ ਵਿਚੋਂ ਫ਼ਕੀਰ ਸਾਈਂ ਸ਼ੇਖ਼ ਫ਼ਰੀਦ ਅਜੋਧਨੀ (ਪਾਕ ਪਟਨ-ਮੁਲਤਾਨ), ਖ਼ੁਆਜਾ ਬਖ਼ਤਿਆਰ ਕਾਕੀ ਦਿਹਲਵੀ, ਖ਼ੁਆਜਾ ਮੁਈਨੁਦੀਨ ਚਿਸ਼ਤੀ ਅਜਮੇਰੀ, ਖ਼ੁਆਜਾ



www.AKJ.Org

ਮਹਿਮੂਦ ਪੀਰ ਬਨੋਈ ਸੁਨਾਮੀ ਆਦਿ ਦੇ ਨਾਂ ਪ੍ਰਸਿੱਧ ਹਨ। ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਨਾ ਸਿਰਫ਼ ਹਿੰਦੂ ਕਰਮ ਕਾਂਡ ਨੂੰ ਹੀ ਨਿੰਦਿਆ, ਸਗੋਂ ਮੁਸਲਮਾਨੀ ਸ਼ਰਾਅ-ਸ਼ਰੀਫ਼ ਦੇ ਪੀਡੇ ਬੰਧਨਾਂ ਨੂੰ ਵੀ ਪੂਰਾ ਪੂਰਾ ਜ਼ੋਰ-ਤ੍ਰਾਣ ਲਾ ਕੇ ਖੋਲ੍ਹਿਆ ਤੇ ਜਨ-ਸਮਾਜ ਨੂੰ ਇਕੋ ਜਿਹਾ ਮਨੁੱਖੀ ਏਕਤਾ ਦਾ ਸੰਦੇਸ਼ ਦਿੱਤਾ, ਜਿਵੇਂ ਕਿ ਸ਼ੇਖ਼ ਫ਼ਰੀਦ ਹੋਰਾਂ ਦੇ ਮਹਾਂਵਾਕ ਹਨ—

(ੳ) ਫਰੀਦਾ ਖਾਲਕੁ ਖਲਕ ਮਹਿ ਖਲ਼ਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ ॥੭੫॥ [ਮਹਲਾ ੫

(ਅ) ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

(ੲ) ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ ॥੧੩੦॥

[ਸਲੋਕ ਸ਼ੇਖ ਫਰੀਦ ਕੇ

ਇਸਤਰ੍ਹਾਂ ਭਗਤਾਂ ਤੇ ਮੁਸਲਮਾਨ ਸੂਫ਼ੀਆਂ ਨੇ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਨੂੰ ਇਕ-ਸਾਰ ਸੱਚਾਈ ਦਾ ਰਾਹ ਦੱਸਿਆ ਤੇ ਉਨ੍ਹਾਂ ਦੀ ਵਹਿਮ-ਪ੍ਰਸਤੀ ਦਾ ਖੰਡਨ ਕੀਤਾ। ਸ਼ਾਕਤ (ਸ਼ਕਤੀ-ਦੇਵੀ) ਦਾ ਉਪਾਸ਼ਕ (ਵਾਮ-ਮਾਰਗੀ ਜਾਂ ਕੌਲਾਚਾਰੀ) ਕਿਉਂ ਬੁਰਾ ਹੈ, ਇਸ ਬਾਰੇ ਭਗਤ ਕਬੀਰ ਕੁਝ ਅਸਲੀਅਤ ਇਸ ਤਰ੍ਹਾਂ ਉਘੇੜਦੇ ਹਨ :—

(੧) ਕਬੀਰ 'ਸਾਕਤੁ' ਐਸਾ ਹੈ, ਜੈਸੀ ਲਸਨ ਕੀ ਖਾਨਿ ॥ ਕੋਨੇ ਬੈਠੇ ਖਾਈਐ, ਪਰਗਟ ਹੋਇ ਨਿਦਾਨਿ ॥੧੭॥

(੨) ਕਬੀਰ ਮਾਰੀ ਮਰਉ ਕੁਸੰਗ ਕੀ, ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ, 'ਸਾਕਤ' ਸੰਗੁ ਨ ਹੇਰਿ ॥੮੮॥

(੩) ਕਬੀਰ ਸੰਗਤਿ ਕਰੀਐ ਸਾਧ ਕੀ, ਅੰਤਿ ਕਰੈ ਨਿਰਬਾਹੁ ॥ 'ਸਾਕਤ' ਸੰਗੁ ਨ ਕੀਜੀਐ, ਜਾ ਤੇ ਹੋਇ ਬਿਨਾਹੁ ॥੯੩॥

(੪) ਕਬੀਰ 'ਸਾਕਤ' ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ ॥੧੩੧॥

ਫੇਰ ਇਸੇ ਤਰ੍ਹਾਂ ਹੀ ਭਗਤ ਕਬੀਰ ਜੀ ਨੇ ਫ਼ਰਜ਼ੀ ਤੀਰਥ ਇਸ਼ਨਾਨ ਤੇ ਪੁੰਨ-ਦਾਨ ਦਾ ਪਾਜ ਵੀ ਜਨ-ਸਮਾਜ ਦੇ ਸਾਮ੍ਹਣੇ ਖੋਲ੍ਹ ਕੇ ਰੱਖਿਆ ਹੈ—

ਕਬੀਰ ਗੰਗਾ ਤੀਰ ਜੁ ਘਰੁ ਕਰਹਿ, ਪੀਵਹਿ ਨਿਰਮਲ ਨੀਰੁ ॥ ਬਿਨੁ ਹਰਿ ਭਗਤਿ ਨ ਮੁਕਤਿ ਹੋਇ, ਇਉ ਕਹਿ ਰਮੇ ਕਬੀਰ॥੫੪॥

ਤੇ ਇਸੇ ਤਰ੍ਹਾਂ ਅਹੋਈ (ਸੀਤਲਾ) ਦੇਵੀ ਦੀ ਪੂਜਾ ਦਾ ਵੀ ਭਵਿੱਖ ਵਿਚ ਬੜਾ ਭੈੜਾ ਨਤੀਜਾ ਨਿਕਲਦਾ ਦਰਸਾਇਆ ਹੈ—

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਅਹੋਈ ਰਾਖੈ ਨਾਰਿ ॥ ਗਦਹੀ ਹੋਇ ਕੈ ਅਉਤਰੈ, ਭਾਰੁ ਸਹੈ ਮਨ ਚਾਰਿ ॥੧੦੮॥

ਦੇਵਤਾਵਾਦ ਦਾ ਇਹ ਖੰਡਨ ਅਹੋਈ ਪੂਜਾ ਤਕ ਹੀ ਸੀਮਿਤ ਨਹੀਂ, ਸਗੋਂ ਇਸ ਤੋਂ ਅੱਗੇ ਇਸੇ ਤਰ੍ਹਾਂ ਦੇਵੀ-ਦੇਵਤਿਆਂ ਦੀ ਬੁਤ-ਪੂਜਾ ਉਤੇ ਵੀ ਭਗਤ ਕਬੀਰ ਜੀ ਨੇ ਇਕ ਕਰੜੀ ਚੋਟ ਲਗਾਈ ਹੈ ਤੇ ਲਿਖਿਆ ਹੈ—

(੧) ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨ ਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ, ਭੂਲੇ ਭਟਕਾ ਖਾਹਿ ॥੧੩੫॥

(੨) ਕਬੀਰ ਪਾਹਨੁ ਪਰਮੇਸੁਰੁ ਕੀਆ, ਪੂਜੈ ਸਭੁ ਸੰਸਾਰੁ ॥ ਇਸ ਭਰਵਾਸੇ ਜੋ ਰਹੇ, ਬੂਡੇ ਕਾਲੀ ਧਾਰ ॥੧੩੬॥

ਹਿੰਦੂਆਂ ਵਾਂਗ ਅਹਿਲਿ-ਇਸਲਾਮ ਦੇ ਮੋਢੀ ਸ਼ੇਖ਼ ਤੇ ਮੁੱਲਾਂ ਵੀ ਭਗਤ ਹੋਰਾਂ ਦੀ ਇਸ ਕਰੜੀ ਨੁਕਤਾ-ਚੀਨੀ ਤੋਂ ਨਹੀਂ ਬਚ ਸਕੇ, ਜਿਸ ਕਰਕੇ ਮੁੱਲਾਂ ਦੀ ਬਾਂਗ ਤੇ ਸ਼ੇਖ਼ ਦੇ ਮੱਕੇ ਦੀ ਹੱਜ ਦਾ ਖੰਡਨ ਕੁਝ ਏਸ ਤਰ੍ਹਾਂ ਕੀਤਾ ਹੈ :—

(੧) ਕਬੀਰ ਮੁਲਾਂ ਮੁਨਾਰੇ ਕਿਆ ਚਢਹਿ, ਸਾਂਈ ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ ॥੧੮੪॥

(੨) ਸੇਖੁ ਸਬੂਰੀ ਬਾਹਰਾ, ਕਿਆ ਹਜ ਕਾਬੇ ਜਾਇ ॥ ਕਬੀਰ ਜਾ ਕੀ ਦਿਲ ਸਾਬਤਿ ਨਹੀ, ਤਾ ਕੋ ਕਹਾਂ ਖੁਦਾਇ ॥੧੮੫॥



www.AKJ.Org

ਇਸਤਰ੍ਹਾਂ ਮੁੱਲਾਂ-ਮੁਲਾਣਿਆਂ ਦੇ ਸ਼ਰਾਅ-ਸ਼ਰਈਅਤ ਤੇ ਪ੍ਰੋਹਿਤਾਂ ਦੇ ਕਰਮ-ਕਾਂਡੀ ਬੰਧਨਾਂ ਤੋਂ ਮੁਕਤ ਹੋਣ ਦੇ ਨਾਲ ਹੀ ਸੂਫ਼ੀ ਤੇ ਭਗਤੀ ਲਹਿਰ ਦੇ ਸਾਧੂ ਫ਼ਕੀਰਾਂ ਤੇ ਭਗਤ ਕਵੀਆਂ ਨੇ ਦੁਨੀਆਦਾਰੀ ਦੇ ਜਾਤਿ-ਪਾਤਿ ਦੇ ਝਮੇਲਿਆਂ ਨੂੰ ਤੋੜਨ ਲਈ ਵੀ ਆਪਣੀ ਕਲਮ ਚਲਾਈ ਹੈ, ਜਿਵੇਂ ਕਿ ਭਗਤ ਕਬੀਰ ਦੀ ਬਾਣੀ ਵਿਚੋਂ ਪ੍ਰਮਾਣ ਮਿਲਦੇ ਹਨ—

ਜੋ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥੩॥ ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥

[ਗਉੜੀ ਕਬੀਰ ਜੀ, ੩੨੪

ਫੇਰ ਅੱਗੇ ਜਾ ਕੇ ਇਕ ਥਾਵੇਂ ਇਨਸਾਨੀਅਤ ਦਾ ਸਹੀ ਬਹੁ-ਥਿੱਤਾ ਦਿੰਦੇ ਹੋਏ ਲਿਖਦੇ ਹਨ—

ਅਵਲ ਅਲਹੁ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥

[ਪ੍ਰਭਾਤੀ ਕਬੀਰ ਜੀ

ਸਾਰੇ ਇਨਸਾਨ, ਜਿਵੇਂ ਕਿ ਭਗਤ ਕਬੀਰ ਜੀ ਦਾ ਕਥਨ ਹੈ, ਭਾਵੇਂ ਇਕੋ ਇਲਾਹੀ ਨੂਰ ਦੀ ਉਪਜ ਨਿਪਜ ਹਨ, ਪਰ ਫੇਰ ਵੀ ਰੰਗ-ਰੂਪ ਤੇ ਚਿਹਰਿਆਂ ਦੀਆਂ ਨੁਹਾਰਾਂ ਸਭ ਦੀਆਂ ਵੱਖੋ ਵੱਖ ਹਨ। ਸ੍ਰੀ ਗੁਰੂ ਅਮਰ ਦਾਸ ਜੀ ਦਾ ਕਥਨ ਹੈ—

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ, ਸਭਿ ਰਸ ਦੇਹੀ ਮਾਹਾ ਹੇ ॥੧॥

[ਮਾਰੂ ਮਹਲਾ ੩, ਸੋਲਹੇ, ੧੦੫੬

ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਵਧ ਜਾਤਿ ਪਾਤਿ ਦੇ ਮਸਲੇ ਉਤੇ ਬੜੀ ਕਰੜੀ ਨੁਕਤਾਚੀਨੀ ਕੀਤੀ ਹੈ—

(੧) ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ [ਪ੍ਰਭਾਤੀ ਮ: ੧, ੧੩੩੦

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ [ਸਿਰੀ ਰਾਗੁ ਮ: ੧, ਪੰਨਾ ੧੫

ਏਕਣ ਹੀ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਕਥਨ ਦੀ ਪ੍ਰੋੜ੍ਹਤਾ ਕਰਦੇ ਹੋਏ ਤਾੜਨਾ ਕਰਦੇ ਹਨ—

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥ [ਭੈਰਉ ਮ: ੩, ੧੧੨੮

ਇਸੇ ਕਾਰਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਨ-ਸਮਾਜ ਵਿਚੋਂ ਜਾਤਿ ਪਾਤਿ ਦਾ ਰੋਗ ਦੂਰ ਕਰਨ ਲਈ ਸਭ ਤੋਂ ਵੱਡੇ ਦੋ ਕੰਮ ਕੀਤੇ : ਇਕ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਲੱਗਿਆਂ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਉੱਚੀਆਂ-ਨੀਵੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਨੂੰ ਇਕ ਬਰਾਬਰ ਮਾਣ-ਸਤਕਾਰ ਨਾਲ ਸਥਾਨ ਦਿੱਤਾ ਤੇ ਦੂਜੇ ਸ੍ਰੀ ਦਰਬਾਰ ਸਾਹਿਬ ਹਰਿਮੰਦਿਰ ਦੀ ਉਸਾਰੀ ਕਰਵਾਣ ਲੱਗਿਆਂ ਚਹੁੰਆਂ ਵਰਣਾਂ ਦੇ ਲੋਕਾਂ ਲਈ ਚਹੁੰਆਂ ਤਰਫ਼ਾਂ ਵਲ ਚਾਰ ਬੂਹੇ ਰਖਵਾਏ ਅਤੇ ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਬੜੀ ਉੱਚੀ ਆਵਾਜ਼ ਨਾਲ ਸੁਣਾਇਆ :—

(੧) ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥

[ਵਾਰ ਸਿਰੀ ਰਾਗ, ਮ: ੧, ੮੩

(੨) ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥
ਮਹੁਰਾ ਹੋਵੈ ਹਥਿ ਮਰੀਐ ਚਖੀਐ ॥

[ਮਾਝ ਵਾਰ ਮ: ੧, ੧੪੨

ਇਹ ਹਨ ਕੁਝ ਨਿਰਪੱਖ ਹਵਾਲੇ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੰਤਾਂ, ਭਗਤਾਂ ਤੇ ਫ਼ਕੀਰਾਂ ਨੇ ਆਪਣੇ ਸੁਭ ਉਪਦੇਸ਼ਾਂ ਨਾਲ ਦੇਸ ਦੇ ਸੱਭਿਆਚਾਰਕ ਖੇਤਰਾਂ ਵਿਚ ਬੜਾ ਸੁਖਾਵਾਂ ਵਾਯੂ ਮੰਡਲ ਪੈਦਾ ਕਰ ਕੇ ਹਮੇਸ਼ਾ ਮਨੁੱਖੀ ਏਕਤਾ ਦੀ ਹੀ ਪ੍ਰੋੜ੍ਹਤਾ ਕੀਤੀ ਹੈ।

www.AKJ.Org

# ਈਰਾਨੀ ਪ੍ਰੇਤ ਤੋਂ ਛੁਟਕਾਰਾ

[ਵਲੋਂ–ਸ: ਅਮਰਜੀਤ ਸਿੰਘ ਜੀ ਡਰਾਫਟਮੈਨ, 99-*A.P.O.*]

ਅੱਜ ਕਲ੍ਹ ਕੁਝ ਇਸਤਰ੍ਹਾਂ ਦਾ ਸਾਹਿੱਤ (ਪੁਸਤਕਾਂ ਤੇ ਰਸਾਲੇ) ਛਪ ਰਹੇ ਹਨ ਜਿਨ੍ਹਾਂ ਨੂੰ ਪੜ੍ਹਕੇ ਪਦਾਰਥ-ਵਾਦ ਤੇ ਨਾਸਤਕ-ਪੁਣੇ ਦੇ ਅਸਰ ਹੇਠ ਬਹੁਤ ਸਾਰੇ ਸਿਖ (ਕਹਾਉਣ ਵਾਲੇ) ਨੌਜਵਾਨ ਵੀ (ਗੁਰਬਾਣੀ ਦੀ ਵੀਚਾਰ ਤੋਂ ਅਵੇਸਲੇ ਹੋਣ ਕਰਕੇ) ਆਵਾਗਉਣ, ਨਰਕ-ਸੁਰਗ, ਧਰਮਰਾਜ, ਭੂਤ-ਪ੍ਰੇਤ ਆਦਿਕਾਂ ਦੀ ਹੋਂਦ ਮੰਨਣ ਤੋਂ ਇਨਕਾਰੀ ਹਨ। "ਸੂਰਾ" ਮਾਸਕ ਪੱਤਰ ਵਿਚ ਕੁਝ ਮਹੀਨਿਆਂ ਤੋਂ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਲੇਖ ਉਹਨਾਂ ਦੀ ਲਿਖੀ ਪੁਸਤਕ "ਅਣਡਿੱਠੀ ਦੁਨੀਆ" ਵਿਚੋਂ ਇਸੇ ਵਿਸ਼ੇ ਤੇ ਛਪ ਰਹੇ ਹਨ।

ਇਸ ਵਿਸ਼ੇ ਸੰਬੰਧੀ ਇਕ ਵਾਪਰ ਚੁਕੀ ਘਟਨਾ, ਜਿਸ ਤੋਂ ਹੇਠ ਲਿਖੀਆਂ ਗੱਲਾਂ ਠੀਕ ਸਿਧ ਹੁੰਦੀਆਂ ਹਨ, ਪਾਠਕਾਂ ਲਈ ਰੋਚਕ ਹੋਵੇਗੀ :–

(੧) ਭੂਤ ਪ੍ਰੇਤ ਆਦਿਕ ਜੂਨੀਆਂ ਹੁੰਦੀਆਂ ਹਨ।

(੨) ਅੰਤ ਸਮੇਂ ਜਿਸ ਤਰ੍ਹਾਂ ਦੀ ਇੱਛਾ (ਵਾਸ਼ਨਾ) ਹੁੰਦੀ ਹੈ, ਉਸੇ ਮੁਤਾਬਕ ਜੂਨ ਵਿਚ ਪੈਣਾ ਪੈਂਦਾ ਹੈ।

(੩) ਜਮਦੂਤ, ਧਰਮਰਾਜ ਤੇ ਧਰਮਰਾਜ ਦਾ ਦਰਬਾਰ ਹੁੰਦਾ ਹੈ।

(੪) ਨਰਕ ਹੁੰਦੇ ਹੁਨ ਤੇ ਮੰਦੇ ਕਰਮ ਕਰਨ ਵਾਲੇ ਨੂੰ ਉਥੇ ਦੁਖ ਭੋਗਣੇ ਪੈਂਦੇ ਹਨ।

(੫) ਕੇਵਲ ਮਨੁੱਖਾ ਜਨਮ ਵਿਚ ਹੀ ਰੱਬ ਦੀ ਬੰਦਗੀ ਹੋ ਸਕਦੀ ਹੈ ਅਤੇ ਕਿਸੇ ਗੁਰਸਿਖ ਦੇ ਗ੍ਰਿਹਿ ਵਿਖੇ ਜਨਮ ਪ੍ਰਾਪਤ ਹੋਣਾ ਸਰਬੋਤਮ ਹੈ।

(੬) ਮਾਸ-ਸ਼ਰਾਬ ਦੇ ਸੇਵਨ ਨਾਲ ਭਗਤੀ ਨਹੀਂ ਹੋ ਸਕਦੀ।

ਇਹ ਘਟਨਾ, ਜਿਸਦਾ ਹੂ-ਬਹੂ ਪੰਜਾਬੀ ਅਨੁਵਾਦ ਹੇਠਾਂ ਦਿਤਾ ਜਾਂਦਾ ਹੈ, ਮਿਤੀ ਇਕ ਜਨਵਰੀ ੧੯੭੬ ਦੇ ਰੋਜ਼ਾਨਾ ਹਿੰਦੀ ਅਖ਼ਬਾਰ "ਨਵਭਾਰਤ ਟਾਈਮਜ਼" ਵਿਚ ਸਫ਼ੇ ੫-੬ ਤੇ ਇਸਤਰ੍ਹਾਂ ਛਪੀ ਹੈ :–

**"ਹਜ਼ਾਰ ਵਰ੍ਹੇ ਦਾ ਈਰਾਨੀ ਪ੍ਰੇਤ ਨੌਜਵਾਨ ਦੇ ਸਰੀਰ ਵਿਚ ਕਿਸਤਰ੍ਹਾਂ ਰਿਹਾ !**

ਇਕ ਸਿਖ ਨੌਜਵਾਨ ਦੇ ਸਰੀਰ ਵਿਚ ਮੁਸਲਮਾਨ ਪੀਰ ਦੀ ਪ੍ਰੇਤ-ਆਤਮਾ ਨੇ ਪਰਵੇਸ਼ ਕੀਤਾ ਤੇ ਪੂਰੇ ਅੱਠ ਸਾਲ ਤਕ ਉਸਨੂੰ ਪੀੜਤ ਰਖਿਆ। ਅੰਤ ਵਿਚ ਪਰਸਿੱਧ ਸਿਖ ਸੰਤ ਸ੍ਰੀਮਾਨ ਈਸ਼ਰ ਸਿੰਘ ਜੀ ਰਾੜੇ-ਵਾਲੇ ਨੇ ਇਸ ਨੌਜਵਾਨ ਨੂੰ ਪ੍ਰੇਤ ਤੋਂ ਮੁਕਤੀ ਦਿਵਾਈ। ਸਿਖ ਨੌਜਵਾਨ ਮਨਮੋਹਨ ਸਿੰਘ ਨੇ ਸਾਨੂੰ ਇਸ ਘਟਨਾ ਦੀ ਆਪਬੀਤੀ ਸੁਣਾਈ ਤੇ ਸੰਤ ਈਸ਼ਰ ਸਿੰਘ ਜੀ ਰਾੜੇਵਾਲਾ ਨੇ ਵੀ ਇਸਦੀ ਪੁਸ਼ਟੀ ਕੀਤੀ।

ਜ਼ਿਲਾ ਸਹਾਰਨਪੁਰ ਦੇ ਖੇੜਾ ਮੁੰਗਲ ਪਿੰਡ ਵਿਚ ਪਤਵੰਤੇ ਸਿਖ ਡਾਕਟਰ ਸ਼ੇਰ ਸਿੰਘ ਜੀ ਰਹਿੰਦੇ ਹਨ। ਅੱਠ ਸਾਲ ਪਹਿਲਾਂ ਉਹਨਾਂ ਦੇ ਚੰਗੇ ਪੜ੍ਹੇ-ਲਿਖੇ ਨੌਜਵਾਨ ਪੁੱਤਰ ਸ: ਮਨਮੋਹਨ ਸਿੰਘ ਨੇ ਇਕ ਮੁਸਲਮਾਨ ਪੀਰ ਦੀ ਮਜ਼ਾਰ ਤੇ ਪੇਸ਼ਾਬ ਕਰ ਦਿਤਾ। ਉਸੇ ਦਿਨ ਤੋਂ ਮੋਹਨ ਸਿੰਘ ਪਾਗਲਾਂ ਦੀ ਤਰ੍ਹਾਂ ਵਰਤਾਉ ਕਰਨ ਲਗਾ, ਕਦੇ ਆਪਣੇ ਕਪੜੇ ਫਾੜਨ ਲਗਦਾ, ਕਦੇ ਆਪਣੇ ਕਪੜਿਆਂ ਵਿਚ ਅੱਗ ਲਾ ਦੇਂਦਾ ਤੇ ਕਦੀ ਆਪਣੇ ਸਰੀਰ ਨੂੰ ਦੁਖ ਦੇਂਦਾ। ਸਾਰਾ ਪਰਵਾਰ ਉਸਦੇ ਬਿਉਹਾਰ ਤੋਂ ਚਿੰਤਾ ਵਿਚ ਪੈ ਗਿਆ। ਉਸਦਾ ਚੰਗੇ ਤੋਂ ਚੰਗਾ ਇਲਾਜ ਕਰਵਾਇਆ ਗਿਆ। ਮੰਤਰ-ਜੰਤਰ, ਗੰਡੇ ਤਾਬੀਜ ਕਰਾਏ ਗਏ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਪੂਰੇ ਅੱਠ ਸਾਲ ਤਕ ਮਨਮੋਹਨ ਸਿੰਘ ਦੁਖ ਸਹਿੰਦਾ ਰਿਹਾ। ਮਨਮੋਹਨ ਸਿੰਘ ਅੰਗ੍ਰੇਜ਼ੀ ਤੇ ਹਿੰਦੀ ਪੜ੍ਹਿਆ ਹੋਇਆ ਸੀ, ਫ਼ਾਰਸੀ-ਉਰਦੂ ਦਾ ਇਕ ਅੱਖਰ ਵੀ ਨਹੀਂ ਜਾਣਦਾ ਸੀ, ਪਰ ਉਹ ਅਕਸਰ ਕੁਰਾਨ ਦੀਆਂ ਆਇਤਾਂ ਸ਼ੁਧ ਅਰਬੀ ਵਿਚ ਉਚਾਰਦਾ ਰਹਿੰਦਾ ਸੀ।

ਸੰਤ ਈਸ਼ਰ ਸਿੰਘ ਜੀ ਰਾੜੇਵਾਲੇ ਸਿਖ ਕੌਮ ਦੇ ਬਜ਼ੁਰਗ ਤੇ ਪਰਸਿੱਧ ਮਹਾਂਪੁਰਖ ਸਨ। ਉਨ੍ਹਾਂ ਦਾ ਜੀਵਨ ਬਹੁਤ ਸਤੋਗੁਣੀ, ਧਾਰਮਕ ਤੇ ਪਵਿਤ੍ਰ ਸੀ।



www.AKJ.Org

ਉਹ ਹਾਪੁੜ ਵਿਚ ਪ੍ਰਚਾਰ ਲਈ ਆਏ ਹੋਏ ਸਨ। ਮਨਮੋਹਨ ਸਿੰਘ ਦੇ ਮਾਤਾ ਪਿਤਾ ੧੭ ਅਗਸਤ ੧੯੬੭ ਨੂੰ ਮਨਮੋਹਨ ਸਿੰਘ ਨੂੰ ਨਾਲ ਲੈ ਕੇ ਸੰਤ ਜੀ ਕੋਲ ਪੁਜੇ ।

ਸੰਤ ਜੀ ਨੇ ਨੌਜਵਾਨ ਨੂੰ ਸਵਾਲ ਕੀਤਾ, 'ਤੂੰ ਕੌਣ ਹੈਂ ?'

ਉਤਰ ਮਿਲਿਆ, 'ਮੈਂ ਮੁਸਲਮਾਨ ਪ੍ਰੇਤ ਹਾਂ।'

'ਤੇਰਾ ਨਾਂ ਕੀ ਹੈ ?'

'ਮੇਰਾ ਨਾਮ ਪੀਰ ਸੁਲੇਮਾਨ ਹੈ।'

'ਤੂੰ ਇਸਨੂੰ ਕਿਉਂ ਸਤਾ ਰਿਹਾ ਹੈਂ ?' ਇਸ ਸਵਾਲ ਤੇ ਨੌਜਵਾਨ ਮਨਮੋਹਨ ਸਿੰਘ ਦੇ ਰਾਹੀਂ ਪ੍ਰੇਤ ਨੇ ਪੂਰਾ ਹਾਲ ਕਹਿ ਸੁਣਾਇਆ। ਉਸ ਨੇ ਦਸਿਆ, 'ਮਹਾਰਾਜ ! ਮੈਂ ਇਕ ਹਜ਼ਾਰ ਸਾਲ ਦਾ ਮੁਸਲਮਾਨ ਪ੍ਰੇਤ ਹਾਂ, ਮੇਰਾ ਨਾਮ ਪੀਰ ਸੁਲੇਮਾਨ ਹੈ। ਮੈਂ ਇਕ ਹਜ਼ਾਰ ਸਾਲ ਪਹਿਲਾਂ ਈਰਾਨ ਤੋਂ ਬਾਦਸ਼ਾਹ ਦੇ ਨਾਲ ਆਇਆ ਸੀ । ਪਿਛੋਂ ਮੈਂ ਹਿੰਦੁਸਤਾਨ ਵਿਚ ਹੀ ਇਕ ਔਰਤ ਨਾਲ ਵਿਆਹ ਕਰ ਲਿਆ। ਉਸ ਤੋਂ ਲੜਕੇ ਤੇ ਲੜਕੀਆਂ ਪੈਦਾ ਹੋਏ। ਇਹ ਮਨਮੋਹਨ ਸਿੰਘ ਉਸ ਵਕਤ ਕਿਸੇ ਹੋਰ ਰੂਪ ਵਿਚ ਸੀ। ਉਹ ਨੌਜਵਾਨ ਮੇਰੇ ਘਰ ਆਂਦਾ-ਜਾਂਦਾ ਸੀ, ਤੇ ਉਸਦਾ ਮੇਰੀ ਲੜਕੀ ਨਾਲ ਇਸ਼ਕ ਹੋ ਗਿਆ। ਮੈਂ ਆਪਣੀ ਲੜਕੀ ਨੂੰ ਪ੍ਰੇਮ ਦੇ ਫੰਦੇ ਵਿਚ ਫਸਾਇਆ ਜਾਂਦਾ ਦੇਖ ਕੇ ਸਹਿ ਨਹੀਂ ਸਕਿਆ । ਮੈਂ ਉਸ ਨੌਜਵਾਨ ਨੂੰ ਬਹੁਤ ਸਮਝਾਇਆ, ਪਰ ਉਹ ਨ ਮੰਨਿਆ। ਅੰਤ ਵਿਚ ਉਸਨੂੰ ਮਾਰ ਦੇਣ ਦੀ ਵੀ ਯੋਜਨਾ ਬਣਾਈ, ਪਰ ਸਫਲ ਨ ਹੋ ਸਕਿਆ ਤੇ ਇਸ ਅਧੂਰੀ ਇੱਛਾ ਨੂੰ ਲੈ ਕੇ ਹੀ ਮਰ ਗਿਆ।

'ਮਰਨ ਪਿਛੋਂ ਜਮਦੂਤ ਮੈਨੂੰ ਧਰਮਰਾਜ ਦੇ ਦਰਬਾਰ ਵਿਚ ਲੈ ਗਏ। ਧਰਮਰਾਜ ਨੇ ਕਿਹਾ ਕਿ ਤੂੰ ਬੜੇ ਘੋਰ ਪਾਪ ਕੀਤੇ ਹਨ। ਅਨੇਕਾਂ ਬੰਦਿਆਂ ਨੂੰ ਸਤਾਇਆ ਤੇ ਹਜ਼ਾਰਾਂ ਜੀਆਂ ਤੇ ਤੂੰ ਜ਼ੁਲਮ ਕੀਤੇ ਹਨ। ਇਸ ਲਈ ਤੂੰ ਪਹਿਲਾਂ ਕੁੰਭੀ ਨਰਕ ਵਿਚ ਦੁਖ ਭੋਗੇਂਗਾ। ਇਕ ਹਜ਼ਾਰ ਸਾਲ ਤਕ ਪ੍ਰੇਤ-ਜੂਨੀ ਵਿਚ ਰਹੇਂਗਾ ਤੇ ਫਿਰ ਅੱਠ ਸਾਲ ਤਕ ਆਪਣੀ ਲੜਕੀ ਨੂੰ ਫਸਾਉਣ ਵਾਲੇ ਨੌਜਵਾਨ ਦੇ ਨਵੇਂ ਸਰੀਰ ਵਿਚ ਪੈ ਕੇ ਉਸ ਤੋਂ ਬਦਲਾ ਲੈ ਸਕੇਂਗਾ। ਉਸਤੋਂ ਪਿਛੋਂ ਇਕ ਸੰਤ ਦੇ ਹਥੋਂ ਤੇਰਾ ਉਧਾਰ ਹੋਵੇਗਾ। ਹੁਣ ਸੰਤ ਜੀ! ਤੁਸੀਂ ਹੀ ਪ੍ਰੇਤ-ਜੂਨ ਤੋਂ ਮੈਨੂੰ ਛੁਟਕਾਰਾ ਦਿਵਾ ਸਕਦੇ ਹੋ।'

ਰਾੜੇਵਾਲੇ ਸੰਤ ਜੀ ਨੇ ਕਿਹਾ, 'ਸੁਲੇਮਾਨ, ਤੇਰੀ ਮੁਕਤੀ ਪਰਮੇਸ਼ਰ ਦੇ ਭਜਨ ਤੋਂ ਬਿਨਾਂ ਨਹੀਂ ਹੋ ਸਕਦੀ ਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਤੈਨੂੰ ਮਨੁੱਖ ਜਨਮ ਮਿਲੇ ।'

ਉਸਨੇ ਕਿਹਾ—'ਮਹਾਰਾਜ, ਮੈਨੂੰ ਕਿਸੇ ਸਿਖ ਘਰਾਣੇ ਵਿਚ ਜਨਮ ਦਿਵਾਓ। ਰੱਬ ਦੀ ਬੰਦਗੀ ਕਰ ਕੇ ਮੈਂ ਮੁਕਤੀ ਪਾ ਸਕਾਂਗਾ।'

'ਕੀ ਤੂੰ ਦਿੱਲੀ ਦੇ ਕਿਸੇ ਵੱਡੇ ਸਿਖ ਘਰਾਣੇ ਵਿਚ ਪੈਦਾ ਹੋਣਾ ਚਾਹੁੰਦਾ ਹੈਂ ?'' ਸੰਤ ਜੀ ਨੇ ਪੁਛਿਆ ।

'ਨਹੀਂ ਮਹਾਰਾਜ, ਵੱਡਾ ਧਨੀ ਸਿਖ ਘਰਾਣਾ ਤਾਂ ਮਾਸ-ਸ਼ਰਾਬ ਦਾ ਆਦੀ ਹੋਵੇਗਾ । ਮੈਨੂੰ ਤੇ ਕਿਸੇ ਗਰੀਬ ਤੇ ਸਤੋਗੁਣੀ ਸਿਖ ਪਰਵਾਰ ਵਿਚ ਜਨਮ ਮਿਲਣਾ ਚਾਹੀਦਾ ਹੈ। ਮਾਸ ਸ਼ਰਾਬ ਤੋਂ ਦੂਰ ਰਹਿ ਕੇ ਹੀ ਭਜਨ ਹੋ ਸਕਦਾ ਹੈ ਤੇ ਮੇਰਾ ਉਧਾਰ ਸੰਭਵ ਹੈ।'

ਇਸ ਵਾਰਤਾ ਦੇ ਦੌਰਾਨ ਸੰਤ ਜੀ ਦੇ ਕੋਲ ਲੁਧਿਆਨੇ ਦੇ ਸ: ਗੁਰਦੇਵ ਸਿੰਘ ਹਾਜ਼ਰ ਸਨ। ਉਹਨਾਂ ਨੇ ਹਥ ਜੋੜ ਕੇ ਬੇਨਤੀ ਕੀਤੀ, 'ਮਹਾਰਾਜ, ਮੇਰੇ ਵਿਆਹ ਨੂੰ ਸਤ ਅੱਠ ਸਾਲ ਹੋ ਗਏ ਪਰ ਕੋਈ ਸੰਤਾਨ ਨਹੀਂ ਹੋਈ, ਡਾਕਟਰਾਂ ਦਾ ਕਹਿਣਾ ਹੈ ਕਿ ਸੰਤਾਨ ਨਹੀਂ ਹੋਵੇਗੀ। ਸੋ ਜੇਕਰ ਇਹ ਮੇਰੇ ਘਰ ਜਨਮ ਲੈ ਲਵੇ ਤਾਂ ਮੇਰਾ ਬੰਸ ਚਲ ਪਵੇਗਾ।''

ਸੰਤ ਜੀ ਨੇ ਪੁਛਿਆ, 'ਸੁਲੇਮਾਨ, ਕੀ ਤੈਨੂੰ ਇਹਨਾਂ ਦੇ ਘਰ ਭੇਜ ਦਿਤਾ ਜਾਵੇ ?'

ਉਸ ਜਵਾਬ ਦਿਤਾ—'ਜੇਕਰ ਇਹ ਮਾਸ-ਸ਼ਰਾਬ ਦਾ ਸੇਵਨ ਨ ਕਰਦੇ ਹੋਣ ਅਤੇ ਸਤਿਸੰਗੀ ਹੋਣ ਤਾਂ ਇਹਨਾਂ ਦੇ ਘਰ ਵੀ ਮੇਰਾ ਉਧਾਰ ਹੋ ਜਾਵੇਗਾ।'

ਸੰਤ ਜੀ ਨੇ ਕਿਹਾ ਕਿ ਅਸੀਂ ਰਬ ਅੱਗੇ

[ਬਾਕੀ ਸਫ਼ਾ ੧੯ ਦੇ ਹੇਠ



www.AKJ.Org

# ਗੁਨ ਗਾਵਹੁ ਨਿਤ ਨੀਤ

[ਵਲੋਂ:–ਨਾਇਬ ਸੂਬੇਦਾਰ ਹਰਭਜਨ ਸਿੰਘ ਜੀ ਸਿੱਧੂ; ਜਾਟ ਰਜਮੈਂਟ]

ਵਾਹਿਗੁਰੂ ਜੀ ਦੇ ਗੁਣ ਗਾ !
ਜਿਸਨੇ ਤੈਨੂੰ ਜਨਮ ਦਿਤਾ,
ਤਨ ਮਨ ਤੋਂ ਨਾ ਉਸਨੂੰ ਭੁਲਾ !!

ਸਰਬ ਸੁੱਖਾਂ ਦਾ ਦਾਤਾ ਸੁਆਮੀ !
ਘਟ ਘਟ ਰਵ ਰਹਿਆ, ਅੰਤ੍ਰਯਾਮੀ ।
ਗੀਤ ਉਸੇ ਦੇ ਹਰਦਮ ਗਾ !!

ਉਸਦਾ ਕੋਈ ਆਕਾਰ ਨਹੀਂ ਹੈ !
ਨਾ ਵੈਰ ਕਿਸੇ ਨਾਲ ਪਿਆਰ ਨਹੀਂ ਹੈ ।
ਇਕੋ ਜਿਹਾ ਉਹ ਸਭ ਦਾ ਪਿਤਾ ।

ਮਾਇਆ ਵਿਚ ਤੂੰ ਕਿਉਂ ਲੁਭਾਇਆ ?
ਤੈਂ ਜੀਵਨ ਕਿਉਂ ਵਿਅੱਰਥ ਗੁਆਇਆ ?
ਮਾਨਸ ਜਨਮ ਇਹ ਸਫਲ ਬਣਾ ।

ਪਾਪਾਂ ਦੀ ਬੇੜੀ ਡਗਮਗ ਡੋਲੇ ।
ਭਵ-ਸਾਗਰ ਵਿੱਚ ਖਾਏ ਹਿਚਕੋਲੇ ।
ਇਸ ਬੇੜੇ ਨੂੰ ਪਾਰ ਲੰਘਾ ।

ਨਾਲ ਤੇਰੇ ਨਾ ਕਿਸੇ ਵੀ ਜਾਣਾ ।
ਭੂਲਾ ਬਾਰਿਕ ਮੁਗਧ ਇਆਣਾ ।
'ਹਰਿ-ਭਜਨ' ਬਿਨਾ ਨਾ ਕੋਈ ਤੁਲ੍ਹਾਆ
ਵਾਹਿਗੁਰੂ ਜੀ ਦੇ ਗੁਣ ਗਾ !!

---

ਅਰਦਾਸ ਕਰਦੇ ਹਾਂ ਕਿ ਤੈਨੂੰ ਮਨੁੱਖ ਜਨਮ ਮਿਲੇ ਤੇ ਉਧਾਰ ਹੋਵੇ । ਪੂਰੇ ਇਕ ਸਾਲ ਬਾਅਦ ਪੰਜ ਅਗਸਤ ੧੯੬੮ ਨੂੰ ਲੁਧਿਆਨੇ ਵਿਚ ਸ: ਗੁਰਦੇਵ ਸਿੰਘ ਦੇ ਘਰ ਬੱਚੇ ਨੇ ਜਨਮ ਲਿਆ । ਇਸਤਰ੍ਹਾਂ ਮਨਮੋਹਨ ਸਿੰਘ ਦੇ ਸਰੀਰ ਨੂੰ ਇਕ ਹਜ਼ਾਰ ਸਾਲ ਦੇ ਪੀਰ-ਪ੍ਰੇਤ ਦੇ ਚੁੰਗਲ ਤੋਂ ਛੁਟਕਾਰਾ ਮਿਲਿਆ । ਇਸ ਤੋਂ ਪਿਛੋਂ ਉਸਨੇ ਕੁਰਾਨ ਦੀਆਂ ਆਇਤਾਂ ਨੂੰ ਪੜ੍ਹਨਾ ਵੀ ਛਡ ਦਿਤਾ ਤੇ ਠੀਕ ਸਾਊ ਢੰਗ ਨਾਲ ਪੂਰੀ ਤਰ੍ਹਾਂ ਤੰਦਰੁਸਤ ਹੋ ਕੇ ਰਹਿਣ ਲਗਾ ।

ਪ੍ਰੇਤ ਤੋਂ ਮੁਕਤੀ ਤੋਂ ਪਿਛੋਂ ਮਨਮੋਹਨ ਸਿੰਘ ਨਾਲ ਅਸੀਂ ਕਈ ਵਾਰ ਮੁਲਾਕਾਤ ਕਰ ਕੇ ਜਾਣਕਾਰੀ ਪ੍ਰਾਪਤ ਕੀਤੀ । ਉਸਦੇ ਮਾਤਾ ਪਿਤਾ ਤੇ ਪਿੰਡ ਦੇ ਹੋਰ ਲੋਕਾਂ ਨਾਲ ਵੀ ਮਿਲੇ । ਸਾਰੇ ਇਸ ਘਟਨਾ ਨੂੰ ਦੇਖ ਕੇ ਅਸਚਰਜਤਾ ਵਿਚ ਹਨ ।

ਸੰਤ ਈਸ਼ਰ ਸਿੰਘ ਜੀ ਕਿਸੇ ਨਵੇਂ ਮਤ-ਫ਼ਿਰਕੇ ਦੇ ਚਲਾਉਣ ਵਾਲੇ ਨਹੀਂ ਸਨ । ਪਖੰਡ ਤੇ ਅਡੰਬਰ ਤੋਂ ਕੋਹਾਂ ਦੂਰ ਰਹਿ ਕੇ ਲਖਾਂ ਸਿਖਾਂ ਨੂੰ ਮਾਸ-ਸ਼ਰਾਬ, ਬੇਇਮਾਨੀ ਦੇ ਕੁਮਾਰਗ ਤੋਂ ਹਟਾ ਕੇ ਚੰਗੇ ਰਸਤੇ ਪਾਉਣ ਵਾਲੇ ਸੰਤ ਸਨ । ਅਗਸਤ ੧੯੭੫ ਵਿਚ ਲੰਡਨ ਵਿਖੇ ਪ੍ਰਚਾਰ ਵਾਸਤੇ ਰਹਿੰਦੇ ਹੋਇਆਂ ਉਹਨਾਂ ਦਾ ਦੇਹਾਂਤ ਹੋਇਆ । ਇਸ ਲਈ ਇਸ ਘਟਨਾ ਵਿਚ ਕਿਸੇ ਕਿਸਮ ਦਾ ਸ਼ਕ ਹੋਣ ਦਾ ਸਵਾਲ ਹੀ ਨਹੀਂ ਉਠਦਾ । ਭਗਤ ਰਾਮਸਰਣ ਦਾਸ''

**ਨੋਟ :–ਭੂਤ-ਪ੍ਰੇਤ ਉਨ੍ਹਾਂ ਨੂੰ ਹੀ ਚੰਬੜਦੇ ਹਨ ਜੋ ਵਹਿਮਾਂ ਭਰਮਾਂ ਵਿਚ ਫਸੇ ਮਨਮੁਖ ਜੀਵ ਹੁੰਦੇ ਹਨ । ਨਾਮ-ਬਾਣੀ ਦਾ ਸੇਵਨ ਕਰਨ ਵਾਲਿਆਂ ਦੇ ਨੇੜੇ ਕੋਈ ਭੂਤ ਪ੍ਰੇਤ ਫਟਕ ਨਹੀਂ ਸਕਦਾ । ਰਾਮਨਾਮ ਰਖਿਆ ਤੇ ਸਹਾਇਤਾ ਕਰਨ ਵਾਲਾ ਮੰਤਰ ਹੈ ।**

**ਯਥਾ ਗੁਰਵਾਕ–ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥ (੮੬੮)**

**ਰਾਮ ਨਾਮ ਸਿਮਰਨ ਵਾਲਿਆਂ ਤੋਂ ਤਾਂ ਜਮ ਭੀ ਡਰ ਕੇ ਭਜ ਜਾਂਦਾ ਹੈ, ਭੂਤ-ਪ੍ਰੇਤ ਵਿਚਾਰੇ ਉਨ੍ਹਾਂ ਦੇ ਪਾਣੀਹਾਰ ਹਨ, ਜਿਹਾ ਕਿ–**

**ਨਾਮੁ ਸੁਣਤ ਜਮੁ ਦੂਰਹੁ ਭਾਗੈ ॥**

**ਤੇ ਫਿਰ ਅਗੇ ਗੁਰ-ਫ਼ੁਰਮਾਨ ਹੈ–**

**ਹਰਿ ਸਿਮਰਤ ਦੈਤ ਦੇਉ ਨ ਪੋਹੈ ॥**

**[ਭੈਰਉ ਮ: ੫, ਪੰਨਾ ੧੧੫੦**



www.AKJ.Org

# ਸਿਖ ਧਰਮ ਤੇ ਮਾਸ ਸ਼ਰਾਬ (੨)

## ਗੁਰਬਾਣੀ ਦੇ ਅਧਾਰ ਤੇ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫-੩, ਬੰਬਈ-੮੨]

ਸਤਿਗੁਰਾਂ "ਅਲਪ ਅਹਾਰ, ਸੁਲਪ ਸੀ ਨਿੰਦ੍ਰਾ"
[ਰਾਮਕਲੀ ਪਾਤਿਸ਼ਾਹੀ ੧੦
ਦਾ ਇਕ ਸੁੰਦਰ ਤੇ ਸੁਨਹਿਰੀ ਅਸੂਲ ਕਾਇਮ ਕੀਤਾ ਹੈ। ਭਾਵ ਇਹ ਕਿ ਮਨੁੱਖ ਲਈ ਥੋੜਾ ਖਾਣਾ ਅਤੇ ਥੋੜਾ ਸੌਣਾ ਹੀ ਗੁਣਕਾਰੀ ਹੈ। ਸੁਆਸਤ ਵਿਗਿਆਨੀਆਂ ਨੇ ਵੀ ਇਹ ਪ੍ਰਮਾਣਿਤ ਕਰ ਦਿਤਾ ਹੈ ਕਿ ਮਨੁਖ ਦੀ ਸਰੀਰਕ ਸ਼ਕਤੀ, ਤੰਦਰੁਸਤੀ, ਚੇਤੰਨਤਾ, ਫੁਰਤੀ, ਉਦਮ, ਸਿਹਤ ਸੰਤੁਲਿਤਾ ਅਤੇ ਲੰਮੀ ਆਯੂ ਲਈ "ਥੋੜਾ ਖਾਣਾ ਤੇ ਥੋੜਾ ਸੌਣਾ" ਹੀ ਲਾਭਕ੍ਰਾਰੀ ਹੈ। ਬਹੁਤਾ ਸੌਣਾ ਤੇ ਬਹੁਤਾ ਖਾਣਾ ਬੀਮਾਰੀ, ਦਰਿਦਰ ਤੇ ਸੁਸਤੀ ਦਾ ਘਰ ਹੈ। ਇਸੇ ਲਈ ਪਾਵਨ ਗੁਰਬਾਣੀ ਨੇ ਵਾਰ ਵਾਰ ਚਿਤਾਉਣੀ ਦਿਤੀ ਹੈ:—

ਖੰਡਿਤ ਨਿੰਦ੍ਰਾ, ਅਲਪ ਅਹਾਰੰ, ਨਾਨਕ ਤਤੁ ਬੀਚਾਰੋ॥ [ਰਾਮਕਲੀ ਮਹਲਾ ੧, ੯੩੯

ਥੋੜਾ ਸਵਣਾ, ਖਾਵਣਾ, ਥੋੜਾ ਬੋਲਣ ਗੁਰਮਤਿ ਪਾਇ॥ [ਭਾ: ਗੁਰਦਾਸ ਜੀ, ੨੮-੧੫

ਗੁਰਸਿਖ ਥੋੜਾ ਬੋਲਣਾ, ਥੋੜਾ ਪੀਉਣ, ਥੋੜਾ ਖਾਣਾ॥ [ਭਾ: ਗੁਰਦਾਸ ਜੀ, ੩੨-੨

ਹਉ ਤਿਸ ਘੋਲ ਘੁਮਾਇਆ, ਥੋੜਾ ਸਵੈ ਥੋੜਾ ਹੀ ਖਾਵੈ॥ [ਭਾ: ਗੁਰਦਾਸ ਜੀ, ੧੨-੪

ਥੋੜਾ ਪਾਣੀ, ਅੰਨ, ਖਾਇ ਪੀਆਇਆ॥
[ਭਾ: ਗੁਰਦਾਸ ਜੀ, ੨੦-੫

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਤਾਂ ਸੰਤੋਖੀ ਅਤੇ ਸੰਤੁਸ਼ਟ ਪੁਰਖ ਦੀ ਪਛਾਣ ਹੀ ਇਹ ਹੈ ਕਿ:—

ਓਨੀ ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ॥ [ਵਾਰ ਆਸਾ ਮ: ੧, ੪੬੭

ਉਪ੍ਰੋਕਤ ਗੁਰ-ਉਪਦੇਸ਼ ਇਹ ਸਿਧ ਕਰਦੇ ਹਨ ਕਿ ਮਨੁਖ ਨੂੰ ਕੇਵਲ ਜੀਉਣ ਮਾਤ੍ਰ ਲਈ ਹੀ ਖਾਣਾ ਚਾਹੀਦਾ ਹੈ। ਜੀਭ ਦੇ ਚਸਕਿਆਂ ਦੀ ਪੂਰਤੀ ਨੂੰ ਜੀਵਨ ਦਾ ਨਿਸ਼ਾਨਾ ਬਣਾਣਾ ਮਨੁੱਖਤਾ ਨਹੀਂ। ਮਨੁੱਖ ਦਾ ਜੀਵਨ-ਮਨੋਰਥ ਕੁਝ ਹੋਰ ਹੈ, ਕੇਵਲ ਖਾਣਾ ਤੇ ਪੇਟ ਵਧਾਣਾ ਨਹੀਂ ਹੈ। ਜੀਉਣ ਮਾਤ੍ਰ ਦੀ ਲੋੜ ਲਈ ਮਨੁਖ ਦਾ ਭੋਜਨ ਬੜਾ ਸਾਦਾ, ਹਲਕਾ, ਸੁਛ, ਪਵਿਤ੍ਰ, ਜੂਦ ਹਜ਼ਮ (ਛੇਤੀ ਹਜ਼ਮ ਹੋਣ ਵਾਲਾ) ਹਰ ਪ੍ਰਕਾਰ ਦੀਆਂ ਤਾਮਸਿਕ ਤੇ ਨਸ਼ੀਲੀਆਂ ਵਸਤੂਆਂ ਤੋਂ ਰਹਿਤ ਹੋਣਾ ਚਾਹੀਦਾ ਹੈ। ਜੀਭ ਦੇ ਰਸਾਂ ਕਸਾਂ ਲਈ ਜੀਉਣਾ ਨਾ ਹੀ ਤਾਂ ਮਨੁਖਤਾ ਹੈ ਅਤੇ ਨਾ ਹੀ ਗੁਰਮਤਿ, ਕਿਉਂਕਿ ਇਹ ਰਸ ਕਸ ਤੇ ਸੁਆਦ ਤਾਂ ਮਨੁਖ ਦੇ ਵੈਰੀ ਹਨ:—

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥ ਭੋਗਹੁ ਰੋਗੁ ਸੁ ਅੰਤਿ ਵਿਗੋਵੈ॥ ਹਰਖਹੁ ਸੋਗੁ ਨ ਮਿਟਈ ਕਬਹੂ, ਵਿਣੁ ਭਾਣੇ ਭਰਮਾਇਦਾ॥
[ਮਾਰੂ ਮ: ੧, ੧੦੩੪

ਭੋਜਨ ਵਿਚ ਤਾਮਸਿਕ ਅਤੇ ਨਸ਼ੀਲੇ ਪਦਾਰਥ, ਚਟਪਟੇ ਮਸਾਲੇ ਤੇ ਚਟਣੀਆਂ ਆਦਿ ਹੀ "ਬਹੁ ਸਾਦੂ" ਹਨ ਜਿਨ੍ਹਾਂ ਦੇ ਸੇਵਨ ਕਰਨ ਨਾਲ ਅਵਸ਼ ਹੀ "ਤਨੁ ਪੀੜੀਐ" ਅਤੇ ਮਨ ਵਿਕਾਰੀ ਹੁੰਦੇ ਹਨ। ਤਾਮਸਿਕ ਅਹਾਰ ਤਾਮਸਿਕ ਜਾਂ ਤਮੋ ਗੁਣੀ ਵਿਚਾਰ ਹੀ ਪੈਦਾ ਕਰਦਾ ਹੈ ਅਤੇ ਤਮੋ-ਗੁਣੀ ਵਿਚਾਰ ਮਨ ਨੂੰ ਸਿਮਰਨ ਵਲ ਜਾਣ ਹੀ ਨਹੀਂ ਦੇਂਦੇ:—

ਐਪਰ:—ਨਾਮ ਬਿਨਾ ਜੋ ਪਹਿਰੈ ਖਾਇ॥ ਜਿਉ ਕੂਕਰੁ ਜੂਠਨ ਮਹਿ ਪਾਇ॥
[ਗਉੜੀ ਮ: ੫, ੨੪੦

ਅਤੇ:—ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ॥
[ਵਾਰ ਮਾਝ ਮ: ੧, ੧੪੪

ਸਿਖੀ ਚੋਂ ਜੇ ਸਿਮਰਨ ਕਢ ਦੇਈਏ ਤਾਂ ਪਿਛੇ ਰਹਿ ਹੀ ਕੀ ਜਾਂਦਾ ਹੈ? ਅਤੇ ਸਿਮਰਨ ਕੇਵਲ "ਦਿਲਿ ਹਛੈ ਮੁਖਿ" ਨਾਲ ਹੀ ਕੀਤਾ ਜਾ ਸਕਦਾ



www.AKJ.Org

ਹੈ, ਇਸ ਲਈ ਮਨ ਨੂੰ ਪਹਿਲਾਂ ਸਿਮਰਨ ਲਈ ਤਿਆਰ ਕਰਨਾ ਜ਼ਰੂਰੀ ਹੈ—ਜਿਵੇਂ ਕਿ :—

ਭਾਂਡਾ ਧੋਇ, ਬੈਸਿ ਧੂਪੁ ਦੇਵਹੁ, ਤਉ ਦੂਧੈ
ਕਉ ਜਾਵਹੁ ॥ [ਸੂਹੀ ਮ: ੧, ੭੨੮

ਨਾਮੁ ਜਹੀ ਪਵਿਤ੍ਰ ਵਸਤੂ ਨੂੰ ਰਖਣ ਲਈ ਮਨ ਨੂੰ ਪਵਿਤ੍ਰ ਕਰਨਾ ਜ਼ਰੂਰੀ ਹੈ ਅਤੇ ਕੇਵਲ ਪਵਿਤ੍ਰ ਕਰਨਾ ਹੀ ਜ਼ਰੂਰੀ ਨਹੀਂ ਸਗੋਂ ਇਸ ਵਿਚ ਪਹਿਲਾਂ ਪਈਆਂ ਸਭ ਵਸਤੂਆਂ ਨੂੰ ਕਢ ਕੇ, ਨਾਮ ਵਾਸਤੇ ਇਸ ਨੂੰ ਖ਼ਾਲੀ ਕਰਨਾ ਵੀ ਜ਼ਰੂਰੀ ਹੈ, ਜਿਹਾ ਕਿ—

ਰਸੁ ਘੋੜੇ ਰਸੁ ਸੇਜਾ, ਮੰਦਰ, ਰਸੁ ਮੀਠਾ,
ਰਸੁ ਮਾਸੁ ॥ ਏਤੇ ਰਸ ਸਰੀਰ ਕੇ, ਕੈ ਘਟਿ
ਨਾਮ ਨਿਵਾਸੁ ॥ [ਸਿਰੀ ਰਾਗੁ ਮ: ੧, ੧੫

ਰਾਜ ਮਦ, ਕਾਰਾਂ ਤੇ ਸਵਾਰੀਆਂ ਦੀ ਮਸਤੀ (ਰਸੁ ਘੋੜੇ), ਭੋਗ ਬਿਲਾਸ ਦਾ ਠਰਕ (ਰਸੁ ਸੇਜਾ), ਜਾਇਦਾਦਾਂ ਤੇ ਸੰਪਤੀ ਦਾ ਨਸ਼ਾ (ਰਸੁ ਮੰਦਰ), ਜੀਭ ਦਾ ਸੁਆਦ (ਰਸੁ ਮਿਠਾ), ਮਾਸ ਖਾਣ ਦਾ ਚਸਕਾ (ਰਸੁ ਮਾਸ) ਜਿਹੜਾ ਮਨ ਇਤਨੇ ਸਾਰੇ ਸੁਆਦਾਂ ਜਾਂ ਇਹਨਾਂ ਚੋਂ ਕਿਸੇ ਇਕ ਸੁਆਦ ਨਾਲ ਭੀ ਭਰਿਆ ਪਿਆ ਹੋਵੇ, ਉਸ ਵਿਚ ਨਾਮ ਲਈ ਕਿਹੜੀ ਥਾਂ ਰਹਿ ਜਾਂਦੀ ਹੈ ?

ਇਹੋ ਹੀ ਕਾਰਨ ਹੈ ਕਿ ਚੰਗੀ ਤੋਂ ਚੰਗੀ ਵਸਤੂ ਵੀ ਜਿਹੜੀ ਕਿ ਸਿਮਰਨ ਦੇ ਰਾਹ ਵਿਚ ਰੋਕ ਪਾ ਸਕਦੀ ਹੈ, ਪਾਵਨ ਗੁਰਬਾਣੀ ਵਿਚ ਅਜਿਹੀਆਂ ਵਸਤੂਆਂ ਦੀ ਵਰਤੋਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਇਹਨਾਂ ਤੋਂ ਬਚ ਕੇ ਰਹਿਣ ਦੇ ਆਦੇਸ਼ ਦਿਤੇ ਗਏ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ, ਉਸ ਦੀ ਤੁਕ ਤੁਕ ਅਤੇ ਲਗ ਕੰਨਾ ਮਾਤ੍ਰ—ਗੁਰਸਿਖ ਲਈ ਗੁਰੂ-ਹੁਕਮ ਹੈ, ਗੁਰੂ ਦੀ ਇਛਾ ਹੈ, ਗੁਰੂ ਦੀ ਰਜ਼ਾ ਹੈ ਅਤੇ ਗੁਰੂ ਦੀ ਮਰਜ਼ੀ ਹੈ, ਗੁਰੂ ਦੀ ਆਗਿਆ ਹੈ, ਜਿਸ ਨੂੰ ਕਿ ਬਿਨਾਂ ਕਿਸੇ ਹੀਲ-ਹੁਜਤ ਅਤੇ ਚੂੰ ਚਰਾਂ ਦੇ ਮੰਨਣਾ, ਹਰ ਗੁਰਸਿਖ ਦਾ ਧਰਮ ਬਣਦਾ ਹੈ :—

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ
ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ, ਸੇਵਕੁ
ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥
[ਨਟ ਮ: ੪, ੯੮੨

ਗੁਰਸਿਖ ਕੇਵਲ ਉਹੋ ਹੀ ਅਖਵਾ ਸਕਦਾ ਹੈ ਜਿਹੜਾ ਪਾਵਨ ਗੁਰੂ ਬਾਣੀ ਨੂੰ ਗੁਰੂ ਰੂਪ ਮੰਨਦਾ ਹੋਇਆ ਜੋ "ਗੁਰਬਾਣੀ ਕਹੈ" ਨੂੰ ਪ੍ਰਤੱਖ ਗੁਰੂ ਦਾ ਹੁਕਮ ਮੰਨ ਕੇ, ਇਕ ਸੇਵਕ ਵਾਂਗੂ ਉਸ ਦੀ ਪਾਲਨਾ ਕਰਨਾ ਜਾਣਦਾ ਹੋਵੇ ਅਤੇ ਕੇਵਲ ਇਤਨਾ ਹੀ ਸਮਝਦਾ ਹੋਵੇ :—

To Obey, do and die.
Never to say, How, Who, What and Why.

(ਹੁਕਮ ਮੰਨੋ, ਕਰੋ ਤੇ ਮਰੋ, ਕਦੇ ਨਾ ਪੁਛੋ, 'ਕਿਸਤਰ੍ਹਾਂ, ਕੌਣ, ਕੀ ਅਤੇ ਕਿਉਂ ।')

ਕਿਉਂਕਿ :—ਗੁਰੁ ਸਿਖੀ ਦਾ ਮੰਨਣਾ, ਗੁਰੁ ਬਚਨੀ
ਗਲ ਹਾਰ ਪਰੋਵੈ ॥ [ਭਾ: ਗੁਰਦਾਸ ਜੀ, ੨੮-੯

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ,
ਇਉ ਆਤਮ ਰਾਮੈ ਲੀਨਾ ਹੇ ॥
[ਮਾਰੂ ਮ: ੧, ੧੦੨੮

ਸੇਵਕ, ਸਿਖ ਪੂਜਣ ਸਭਿ ਆਵਹਿ, ਸਭਿ
ਗਾਵਹਿ ਹਰਿ ਹਰਿ ਊਤਮ ਬਾਨੀ ॥

ਐਪਰ :—ਗਾਵਿਆ, ਸੁਣਿਆ ਤਿਨ ਕਾ ਹਰਿ
ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥
[ਧਨਾਸਰੀ ਮਹਲਾ ੪, ੬੬੯

ਆਉ ਹੁਣ ਵੇਖੀਏ ਕਿ ਮਾਸੁ ਅਤੇ ਸ਼ਰਾਬ ਦੇ ਸੇਵਨ ਸੰਬੰਧੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀ ਆਗਿਆ ਹੈ । ਜਿਸਨੂੰ ਕਿ ਗੁਰੂ ਕੇ ਸਿਖਾਂ ਨੇ ਸਤਿ ਸਤਿ ਕਰ ਕੇ ਮੰਨਣਾ ਹੈ ।

ਪੰਚਮ ਪਾਤਿਸ਼ਾਹ ਸਤਿਗੁਰੂ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਇਸ ਸੰਬੰਧੀ ਫ਼ੁਰਮਾਨ ਹੈ :—

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ
ਬਖੋਰਾਇ ॥ [ਤਿਲੰਗ ਮ: ੫, ੭੨੩

ਖ਼ੂੰਖਾਰ ਜ਼ਾਲਮ ਹੈਵਾਨਾਂ ਦੀ ਤਰ੍ਹਾਂ ਜੀਵਾਂ ਨੂੰ ਮਾਰ ਮਾਰ ਖਾਣ ਲਈ ਪ੍ਰਾਪਤ ਕੀਤੇ ਮਾਸ ਵਰਗੀ ਮੁਰਦਾਰ ਵਸਤੂ ਤੋਂ ਵਧ ਕੇ ਹੋਰ ਕਿਹੜੀ ਵਸਤੂ ਹਰਾਮ ਹੋ ਸਕਦੀ ਹੈ ?



www.AKJ.Org

ਇਥੇ ਪੰਚਮ ਪਾਤਿਸ਼ਾਹ ਨੇ ਮਾਸ ਨੂੰ "ਮੁਰਦਾਰ" ਅਤੇ "ਹਰਾਮ" ਆਖਿਆ ਹੈ ਅਤੇ ਖਾਣ ਵਾਲਿਆਂ ਨੂੰ "ਖੂੰਖਾਰ ਜ਼ਾਲਮ" ਦੀ ਉਪਾਧੀ ਦਿਤੀ ਹੈ। ਇਸ ਹਿਸਾਬ ਉਹ ਮੁਰਦਾਰ ਅਤੇ "ਹਰਾਮ ਖਾਣੇ" ਵੀ ਬਣਦੇ ਹਨ।

ਪੰਚਮ ਪਿਤਾ ਦੇ ਉਪਰਲੇ ਵਾਕ ਤੋਂ ਦੋ ਗੱਲਾਂ ਸਿਧ ਹੁੰਦੀਆਂ ਹਨ—ਇਕ ਤਾਂ ਇਹ ਕਿ ਜੀਵ-ਹਤਿਆ ਕਰ ਕੇ ਪ੍ਰਾਪਤ ਕੀਤਾ ਮਾਸ "ਮੁਰਦਾਰ" ਹੁੰਦਾ ਹੈ ਅਤੇ ਦੂਜੀ ਗੱਲ ਕਿ ਮਾਸ ਦਾ ਖਾਣਾ "ਹਰਾਮ" ਹੈ। ਮੁਰਦਾਰ ਖਾਣ ਵਾਲਿਆਂ ਲਈ ਗੁਰਬਾਣੀ ਦਾ ਫ਼ੁਰਮਾਨ ਹੈ :—

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥ [ਮਹਲਾ ੧, ੧੪੧

ਕੋਈ ਗੁਰੂ, ਪੀਰ ਜਾਂ ਮੁਰਸ਼ਦ, ਪ੍ਰਭੂ ਦੇ ਦਰਬਾਰ ਵਿਚ, ਮੁਰਦਾਰ ਖਾਣ ਵਾਲਿਆਂ ਦੀ ਹਾਮੀ ਨਹੀਂ ਭਰੇਗਾ। ਪਰਾਇਆ ਹਕੁ ਖਾਣਾ ਮੁਸਲਮਾਣਾਂ ਲਈ ਸੂਅਰ ਅਤੇ ਹਿੰਦੂ ਲਈ ਗਊ ਮਾਸ ਖਾਣ ਬਰਾਬਰ ਹੈ।

ਪਸ਼ੂ ਪੰਛੀਆਂ ਦਾ ਮਾਸ ਖਾਣਾ ਵੀ ਤਾਂ ਹਕੁ ਪਰਾਇਆ ਖਾਣ ਬਰਾਬਰ ਹੀ ਹੈ ਕਿਉਂਕਿ ਕੁਦਰਤ ਦੇ ਕਾਨੂੰਨ ਮੁਤਾਬਕ ਛੋਟੇ ਪਸ਼ੂ-ਪੰਛੀ ਵਡੇ ਅਤੇ ਸ਼ਕਤੀ-ਸ਼ਾਲੀ ਪਸ਼ੂ-ਪੰਛੀਆਂ ਦੀ ਖ਼ੁਰਾਕ ਹਨ। ਤਿਤਰ, ਬਟੇਰੇ, ਤਿਲੀਅਰ ਕਬੂਤਰ ਆਦਿ ਬਾਜਾਂ, ਬਿੱਲਿਆਂ, ਕੁਤਿਆਂ, ਬਗਲਿਆਂ ਤੇ ਗਿਰਜਾਂ ਆਦਿ ਮਾਸਾਹਾਰੀ ਜੀਵਾਂ ਦੀ ਖ਼ੁਰਾਕ ਹਨ ਅਤੇ ਕੁਕੜ, ਬਕਰੇ, ਗਊਆਂ ਆਦਿ ਸ਼ੇਰਾਂ, ਬਘਿਆੜਾਂ ਆਦਿ ਦੀ ਖਾਧ। ਕਾਦਰ ਦੀ ਕੁਦਰਤ ਅੰਦਰ ਵਖੋ ਵਖਰੀਆਂ ਖਾਧ-ਖ਼ੁਰਾਕਾਂ ਵਖੋ ਵਖ ਸ਼੍ਰੇਣੀਆਂ ਦੇ ਜੀਆਂ ਜੰਤਾਂ ਲਈ ਬਣੀਆਂ ਹੋਈਆਂ ਹਨ। ਜਿਹਾ ਕਿ ਗੁਰ-ਫ਼ੁਰਮਾਨ ਹੈ—

ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ ਇਕਨਾ ਛਤੀਹ ਅੰਮ੍ਰਿਤ ਪਾਹਿ ॥ ਇਕਿ ਮਿਟੀਆ ਮਾਹਿ ਮਿਟੀਆ ਖਾਹਿ ॥ ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥ ਇਕਿ ਨਿਰੰਕਾਰੀ ਨਾਮ ਆਧਾਰਿ ॥ [ਮ: ੧, ੧੪੪

ਕੁਦਰਤ ਨੇ ਇਹ ਮਾਸਾਹਾਰੀ ਜੀਵ ਪੈਦਾ ਹੀ ਇਸੇ ਬਣਤਰ ਨਾਲ ਕੀਤੇ ਹਨ ਕਿ ਇਹਨਾਂ ਦੀ ਖ਼ੁਰਾਕ ਮਾਸ ਖਾਣਾ ਹੀ ਹੈ। ਉਪ੍ਰੋਕਤ ਪਸ਼ੂ ਪੰਛੀ ਉਪਰ ਲਿਖੇ ਮਾਸਾਹਾਰੀ ਪਸ਼ੂ ਪੰਖੀਆਂ ਦੀ ਹੀ ਖ਼ੁਰਾਕ ਹਨ, ਮਨੁਖਾਂ ਦੀ ਹਰਗਿਜ਼ ਨਹੀਂ। ਇਸ ਲਈ ਉਪ੍ਰੋਕਤ ਜੀਵਾਂ ਦਾ ਮਾਸ ਖਾਣ ਵਾਲੇ ਇਹਨਾਂ ਉਪਰ ਲਿਖੇ ਸ਼ਿਕਾਰੀ ਜੀਵਾਂ ਦਾ ਹੱਕ ਹੀ ਖਾਂਦੇ ਹਨ, ਜਿਹੜਾ ਕਿ ਗੁਰੂ ਨਾਨਕ ਜੀ ਅਨੁਸਾਰ "ਉਸ ਸੂਅਰ ਉਸ ਗਾਇ" ਹੈ।

ਸਾਡੇ ਰੋਜ਼ਾਨਾ ਜੀਵਨ ਦਾ ਪਥ ਪ੍ਰਦਰਸ਼ਕ ਹੈ—ਜਪੁਜੀ, ਜਿਹੜਾ ਕਿ ਸਾਨੂੰ ਰੋਜ਼ ਹੀ ਚਿਤਾਉਣੀ ਦੁਆਉਂਦਾ ਹੈ :—

ਅਸੰਖ ਗਲਵਢਿ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ, ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ [ਜਪੁਜੀ

ਬੇਗਿਣਤ ਹੀ ਅਜਿਹੇ ਪਾਪੀ ਹਨ ਜਿਹੜੇ ਕਿ ਜੀਵਾਂ ਦੇ ਗਲ ਵਢ ਵਢ ਕੇ ਹਤਿਆ ਦੇ ਪਾਪ ਦੇ ਭਾਗੀ ਬਣ ਰਹੇ ਤੇ ਇਸ ਤਰ੍ਹਾਂ ਕੂੜ ਵਿਚ ਭਟਕ ਰਹੇ ਹਨ ਅਤੇ ਜੀਵਾਂ ਦੇ ਗਲ ਵਢ ਵਢ ਉਹਨਾਂ ਦਾ ਮਾਸ ਰੂਪੀ ਮਲੇਛ ਭੋਜਨ ਅਥਵਾ ਗੰਦ ਮੰਦ (ਮਲ ਭਖਿ) ਜਾਂ ਮੈਲਾ ਖਾ ਰਹੇ ਹਨ।

ਇਥੇ ਸਤਿਗੁਰੂ ਜੀ ਨੇ ਜੀਵ ਹਤਿਆ ਕਰਨ ਵਾਲਿਆਂ ਨੂੰ "ਪਾਪੀ ਹਤਿਆਰੇ" ਆਖਿਆ ਹੈ ਅਤੇ ਮਾਸ ਨੂੰ ਮਲੇਛ ਖਾਣਾ, ਗੰਦ ਮੰਦ ਅਥਵਾ ਮੈਲਾ ਆਖਿਆ ਹੈ।

ਐਪਰ ਹਤਿਆ ਦਾ ਪਾਪ ਤਾਂ ਭਾਈ ਗੁਰਦਾਸ ਜੀ ਅਨੁਸਾਰ ਅਜਿਹਾ ਪਾਪ ਹੈ ਜਿਹੜਾ ਕਿਧਰੋਂ ਵ ਬਖਸ਼ਿਆ ਨਹੀਂ ਜਾ ਸਕਦਾ :—

ਗੰਗ, ਜਮਨ, ਗੋਦਾਵਰੀ, ਕੁਲਖੇਤ ਸਿਧਾਰੇ ॥ ਮਥੁਰਾ, ਮਾਇਆ, ਅਜੁਧਿਆ, ਕਾਸ਼ੀ ਕੇਦਾਰੇ ॥ ਗਇਆ,ਪਿਰਾਗ, ਸੁਰਸ੍ਵਤੀ,



www.AKJ.Org

ਗੋਮਤੀ ਦੁਆਰੇ ॥ ਜਪ ਤਪ ਸੰਜਮ ਹੋਮ
ਜੱਗ ਸਭ ਦੇਵ ਜੁਹਾਰੇ ॥ ਅਖੀਂ ਪਰਣੈ ਜੇ
ਭਵੈ ਤਿਹੁ ਲੋਇ ਮਝਾਰੇ ॥ ਮੂਲ ਨ ਉਤਰੈ
ਹੱਤਿਆ ਬੇਮੁਖ ਗੁਰਦੁਆਰੇ ॥

[ਭਾ: ਗੁਰਦਾਸ ਜੀ, ੩੪-੧੭

ਭਾਈ ਗੁਰਦਾਸ ਜੀ ਨੂੰ ਅਕਿਰਤਘਣ ਦੀ ਨੀਚਤਾ ਦਰਸਾਣ ਲਈ ਕਿਸੇ ਘ੍ਰਿਣਤ ਤੋਂ ਘ੍ਰਿਣਤ ਵਸਤੂ ਦੀ ਚੋਣ ਕਰਨੀ ਸੀ ਜਿਸ ਨਾਲ ਕਿ ਉਹ ਉਸ ਦੀ ਨੀਚਤਾ ਦੀ ਤੁਲਨਾ ਦੇ ਸਕਦੇ। ਸੰਸਾਰ ਭਰ ਦੀਆਂ ਸਰਬਤ ਘ੍ਰਿਣਤ ਵਸਤੂਆਂ ਚੋਂ ਇਸ ਮਤਲਬ ਲਈ ਉਹਨਾਂ ਦੀ ਚੋਣ ਵਿਚ ਜਿਹੜੀ ਵਸਤੂ ਆਈ ਉਹ ਸੀ ਮਾਸੁ :—

ਮਦ ਵਿਚ ਰਿਧਾ ਪਾਇ ਕੈ, ਕੁੱਤੇ ਦਾ ਮਾਸ ॥
... ... ...
ਨਦਰੀ ਪਵੈ ਅਕਿਰਤਘਣ, ਮਤ ਹੋਇ
ਵਿਣਾਸ ॥ [ਭਾ: ਗੁਰਦਾਸ ਜੀ, ੩੫-੯

ਸ਼ੇਰ ਦੀ ਪਕੜ ਵਿਚ ਆਈ ਬਕਰੀ, ਜਿਸ ਦੇ ਜੀਵਨ ਦੇ ਕੁਝ ਹੀ ਛਿਨ ਬਾਕੀ ਰਹਿ ਗਏ ਹਨ, ਸ਼ੇਰ ਦੇ ਰੂਪ ਵਿਚ ਮੌਤ ਉਸ ਦੇ ਸਾਹਮਣੇ ਪ੍ਰਤਖ ਖੜੀ ਹੈ, ਇਸ ਹਾਲ ਵਿਚ ਉਹ ਬਕਰੀ ਰੁਦਨ ਕਰਨ ਜਾਂ ਹਾਲ ਪਾਹਰਿਆ ਕਰਨ ਦੀ ਥਾਂ ਖਿੜ ਖਿੜ ਹਸ ਪੈਂਦੀ ਹੈ। ਉਸ ਦੇ ਇਸ ਤਰ੍ਹਾਂ ਹਸ ਪੈਣ ਦਾ ਕਾਰਨ ਭਾਈ ਸਾਹਿਬ ਜੀ ਬਕਰੀ ਦੇ ਮੂੰਹੋਂ ਹੀ ਵਰਨਨ ਕਰਦੇ ਹਨ :—

ਸੀਂਹ ਪਜੂਤੀ ਬਕਰੀ ਮਰਦੀ ਹੋਈ ਖਿੜ
ਖਿੜ ਹੱਸੀ ॥ ਅੱਕ ਧਤੂਰਾ ਖਾਧਿਆਂ, ਕੁਹਿ
ਕੁਹਿ ਖੱਲ ਉਖੱਲ ਵਿਣੱਸੀ ॥ ਮਾਸ ਖਾਨ ਗਲ
ਵਢ ਕੇ, ਹਾਲ ਤਿਨਾੜਾ ਕਉਣ ਹੋਵੱਸੀ ॥

[ਭਾ: ਗੁਰਦਾਸ ਜੀ, ੨੫-੧੭

ਕੁਹੈ ਕਸਾਈ ਬਕਰੀ, ਲਾਇ ਲੂਣ ਸੀਖ
ਮਾਸ ਪਰੋਆ ॥ ਹਸ ਹਸ ਬੋਲੈ ਕੁਹੀਦੀ,
ਖਾਧੇ ਅੱਕ ਹਾਲ ਇਹੁ ਹੋਆ ॥ ਮਾਸ ਖਾਨ
ਗਲ ਛੁਰੀ ਦੇ, ਹਾਲ ਤਿਨਾੜਾ ਕਉਣ ਅਲੋਆ ॥

[ਭਾ: ਗੁਰਦਾਸ ਜੀ, ੩੭-੨੧

ਮੈਂ ਤਾਂ ਸਾਰੀ ਉਮਰ ਹੀ ਅੱਕ ਤੇ ਧਤੂਰਾ (ਜਿਨ੍ਹਾਂ ਨੂੰ ਕੋਈ ਪਸ਼ੂ ਨਹੀਂ ਖਾਂਦਾ) ਖਾਂਦੀ ਰਹੀ ਹਾਂ; ਕਿਸੇ ਜੀਵ ਨੂੰ ਕਦੇ ਦੁਖ ਨਹੀਂ ਦਿਤਾ, ਪਰ ਬਦਲੇ ਵਿਚ ਮੇਰੇ ਨਾਲ ਇਹ ਸਲੂਕ ਕੀਤਾ ਗਿਆ ਹੈ ਕਿ ਸਾਨੂੰ ਕੁਹਿਆ ਜਾਂਦਾ ਹੈ, ਸਾਡੀ ਖਲ ਉਧੇੜੀ ਜਾਂਦੀ ਹੈ, ਸਾਡਾ ਮਾਸ ਲੂਣ ਲਾਕੇ ਸੀਖ ਵਿਚ ਪਰੋ ਕੇ ਭੁੰਨਿਆ ਜਾਂਦਾ ਹੈ ਸਾਡੇ ਬਚੇ ਖਸੀ ਕੀਤੇ ਜਾਂਦੇ ਹਨ, ਪਰ ਜਿਹੜੇ ਰੋਜ਼ ਰੋਜ਼ ਜੀਵਾਂ ਨੂੰ ਵਢ ਵਢ ਖਾਂਦੇ ਹਨ ਉਹਨਾਂ ਦਾ ਕੀ ਹਾਲ ਹੋਵੇਗਾ ?

ਜੇ ਕਰ ਉਧਰੀ ਪੂਤਨਾ, ਵਿਹੁ ਪੀਆਲਣ
ਕੰਮ ਨ ਚੰਗਾ ॥ ਜੇ ਕਾਸਾਈ ਉਧਰਿਆ,
ਜੀਆਂ ਘਾਇ ਨ ਖਾਈਐ ਭੰਗਾ ॥

[ਭਾ: ਗੁਰਦਾਸ ਜੀ, ੩੧, ੯

ਜੇ ਕੁਝ ਇਕ ਪੂਰਬਲੇ ਕਰਮਾਂ ਕਰਕੇ ਪੂਤਨਾ ਦਾ ਉਧਾਰ ਹੋ ਗਿਆ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਲੋਕਾਂ ਨੂੰ ਜ਼ਹਿਰ ਪਿਲਾਂਦੇ ਰਹੀਏ। ਜੇਕਰ ਸਧਨੇ ਕਸਾਈ ਦਾ ਪਾਰ-ਉਤਾਰਾ ਹੋ ਗਿਆ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਜੀਵਾ ਦੀ ਹਤਿਆ ਕਰਕੇ ਉਹਨਾਂ ਦਾਂ ਮਾਸ ਖਾਣਾ ਕੋਈ ਚੰਗਾ ਕੰਮ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਵਿਅ-ਕਤੀਆਂ ਤੋਂ ਛੁਟ ਜਿਨ੍ਹਾਂ ਜਿਨ੍ਹਾਂ ਮਹਾਂ-ਪੁਰਸ਼ਾਂ ਦੀ ਬਾਣੀ ਪ੍ਰਵਾਨ ਹੋਈ ਹੈ ਉਹਨਾਂ ਵਿਚ ਭਗਤ ਕਬੀਰ ਜੀ ਦਾ ਸਥਾਨ ਸ਼੍ਰੋਮਣੀ ਹੈ। ਇਹੋ ਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੀ ਉਚਾਰਨ ਕੀਤੀ ਬਾਣੀ ਤੋਂ ਪਿਛੋਂ ਸਭ ਭਗਤਾਂ ਤੋਂ ਪਹਿਲਾਂ ਇਨ੍ਹਾਂ ਦੀ ਬਾਣੀ ਹੀ ਚੜ੍ਹਾਈ ਗਈ ਹੈ।

ਇਹ ਗੱਲ ਪ੍ਰਸਿਧ ਹੈ ਅਤੇ ਇਸ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਪ੍ਰੋੜ੍ਹਤਾ ਕਰਦੇ ਹਨ ਕਿ ਕਬੀਰ ਜੀ ਨੂੰ ਰੱਬ ਦੀ ਬਹੁਤ ਨੇੜਤਾ ਪ੍ਰਾਪਤ ਸੀ। ਰੱਬ ਇਹਨਾਂ ਉਤੇ ਆਸ਼ਕ ਸੀ :—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ
ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ
ਕਬੀਰ ਕਬੀਰ ॥੫੫॥ [ਸਲੋਕ ਕਬੀਰ ਜੀ

ਜੀਵਾਂ ਨੂੰ ਕੁਹ ਕੁਹ ਕੇ ਖਾਣ ਵਾਲਿਆਂ ਨੂੰ ਕਬੀਰ ਜੀ ਹੇਠ ਲਿਖੇ ਅਨੁਸਾਰ ਉਪਾਧੀ ਦੇਂਦੇ ਹਨ—

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ,



www.AKJ.Org

ਅਧਰਮੁ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥ [ਮਾਰੂ ਕਬੀਰ ਜੀਉ, ੧੧੦੩

ਜੀਵ-ਹਤਿਆ ਨੂੰ ਜੇ ਪੁੰਨ ਕਰਮ (ਧਰਮ ਕਰਮ) ਆਖਿਆ ਜਾਏ, ਤਾਂ ਪਾਪ ਕਰਮ ਜਾਂ ਅਧਰਮ ਕਿਸ ਨੂੰ ਆਖਾਂਗੇ ? ਰੱਬ ਦੇ ਬੇਜ਼ੁਬਾਨ ਜੀਵਾਂ ਦੀ ਹਤਿਆ ਕਰਕੇ ਮਾਸ ਖਾਣ ਵਾਲੇ ਜੇ ਸ੍ਰੇਸ਼ਟ ਪੁਰਸ਼ (ਮੁਨਿਵਰ) ਹਨ ਤਾਂ ਫਿਰ ਕਸਾਈ ਕਿਨ੍ਹਾਂ ਲੋਕਾਂ ਨੂੰ ਆਖਾਂਗੇ ?

ਇਥੇ ਕਬੀਰ ਜੀ ਜੀਵ-ਹਤਿਆ ਕਰਨ ਵਾਲਿਆਂ, ਤੇ ਇੰਜ ਕਰਕੇ ਉਹਨਾਂ ਦਾ ਮਾਸ ਖਾਣ ਵਾਲਿਆਂ ਨੂੰ ਅਧਰਮੀ ਅਤੇ ਕਸਾਈਆਂ ਦਾ ਨਾਉਂ ਦੇਂਦੇ ਹਨ।

ਕਮਜ਼ੋਰ ਅਤੇ ਨਿਰਬਲ ਜੀਵਾਂ ਨੂੰ ਮਾਰਨ ਵਾਲਿਆਂ ਨੂੰ ਕਬੀਰ ਜੀ ਸੰਬੋਧਨ ਕਰਦੇ ਹਨ :—

ਰੋਜਾ ਧਰੈ, ਮਨਾਵੈ ਅਲਹੁ, ਸੁਆਦਿਤ ਜੀਅ ਸੰਘਾਰੈ ॥ ਆਪਾ ਦੇਖਿ, ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ ॥ [ਆਸਾ ਕਬੀਰ ਜੀ, ੪੮੩

ਬੇਸ਼ਕ ਸਾਰੇ ਹੀ ਧਰਮ ਕਰਮ ਕਰੀ ਜਾ ! ਰੱਬ ਨੂੰ ਪ੍ਰਸੰਨ ਕਰਨ ਦੇ ਸਰਬਤ ਯਤਨ ਪਿਆ ਕਰ ! ਪਰ ਜੋ ਤੂੰ ਆਪਣ ਜੀਭ-ਸੁਆਦ ਲਈ ਜੀਵਾਂ ਦੀ ਹਤਿਆ ਕਰਦਾ ਅਤੇ ਅਜਿਹਾ ਕਰਨ ਲਗੇ ਆਪਣੇ ਸੁਆਦ ਦਾ ਖਿਆਲ ਤਾਂ ਕਰਦਾ ਹੈ ਪਰ ਵਿਚਾਰੇ ਜੀਵ ਦੇ ਪ੍ਰਾਣਾ ਦਾ ਧਿਆਨ ਨਹੀਂ ਕਰਦਾ, ਇਹ ਤੇਰਾ ਝਖ ਮਾਰਨਾ ਹੈ।

ਕਬੀਰ ਜੀ ਇਥੇ ਜੀਅ-ਘਾਤ ਕਰ ਕੇ ਮਾਸ ਖਾਣ ਵਾਲੇ ਨੂੰ ਝਖ ਮਾਰਨ ਵਾਲੇ ਦਰਸਾਂਦੇ ਹਨ।

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥ [੧੩੫੦

ਇਥੇ ਕਬੀਰ ਜੀ ਨੇ ਕੁਕੜ, ਬਕਰਾ ਆਦਿ ਹਲਾਲ ਜਾਂ ਝਟਕਾ ਕਰ ਕੇ ਖਾਣ ਵਾਲਿਆਂ ਨੂੰ "ਵਿਚਾਰ ਹੀਨ" ਅਤੇ ਝੂਠੇ ਆਖਿਆ ਹੈ।

ਪਕਰਿ ਜੀਉ ਆਨਿਆ, ਦੇਹ ਬਿਨਾਸੀ, ਮਾਟੀ ਕਉ ਬਿਸਮਿਲਿ ਕੀਆ ॥ ਜੋਤਿ ਸਰੂਪਿ ਅਨਾਹਤਿ ਲਾਗੀ, ਕਹੁ ਹਲਾਲੁ ਕਿਆ ਕੀਆ ॥ [ਪ੍ਰਭਾਤੀ ਕਬੀਰ ਜੀ, ੧੩੫੦

ਇਥੇ ਕਬੀਰ ਜੀ ਮਾਸ ਖਾਣ ਵਾਲਿਆਂ ਨੂੰ "ਮਿਟੀ ਖਾਣੇ" ਦਸਦੇ ਹਨ।

ਕਬੀਰ ਜੀ ਦਸਦੇ ਹਨ ਕਿ ਜਿਹੜੇ ਲੋਕੀ ਇਥੇ ਬੇਜ਼ੁਬਾਨ ਜੀਵਾਂ ਦੇ ਸ਼ਿਕਾਰ ਕਰ ਕੇ ਉਹਨਾਂ ਦਾ ਮਾਸ ਖਾਂਦੇ ਹਨ, ਵਾਹਿਗੁਰੂ ਜੀ ਦੀ ਦਰਗਾਹ ਵਿਚ ਜਾ ਕੇ ਉਹਨਾਂ ਦੇ ਗਲੇ ਵੀ ਇਸੇ ਤਰ੍ਹਾਂ ਵਢੇ ਜਾਣਗੇ—

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ ॥੧੮੮॥ [ਸਲੋਕ ਕਬੀਰ ਜੀ

ਸਾਨੂੰ ਤਾਂ ਅੰਮ੍ਰਿਤ ਵਰਗੇ ਸੁਆਦ ਵਾਲੀ ਲੂਣੀ ਖਿਚੜੀ ਹੀ ਖਾਣੀ ਚੰਗੀ ਹੈ, ਸ਼ਿਕਾਰ ਤੇ ਰੋਟੀ ਖਾ ਕੇ ਇਸ ਦੇ ਬਦਲੇ ਪ੍ਰਭੂ ਦਰਗਾਹ ਵਿਚ ਸਾਥੋਂ ਗਲਾ ਨਹੀਂ ਕਟਵਾਇਆ ਜਾਂਦਾ।

ਇਸ ਉਪ੍ਰੋਕਤ ਸਲੋਕ ਵਿਚ ਕਬੀਰ ਜੀ ਨੇ ਕੁਦਰਤ ਦੇ ਉਸ ਕਾਨੂੰਨ ਵਲ ਸੰਕੇਤ ਕੀਤਾ ਹੈ ਕਿ ਮਨੁਖ ਆਪਣੇ ਜੀਵਨ ਵਿਚ ਜਿਹੋ ਜਿਹੇ ਕਰਮ ਕਰਦਾ ਹੈ ਉਸ ਨੂੰ ਉਸੇ ਅਨੁਸਾਰ ਹੀ ਅਗੇ ਜਾ ਕੇ ਫਲ ਮਿਲਦਾ ਹੈ। ਇਥੇ ਜੋ ਕੁਝ ਕੋਈ ਬੀਜੇਗਾ, ਅਗੇ ਜਾ ਕੇ ਓਹੋ ਕੁਝ ਹੀ ਮਿਲੇਗਾ। ਨੇਕ ਕਰਮ ਕਰਨ ਵਾਲਿਆਂ ਨੂੰ ਨੇਕੀ ਮਿਲੇਗੀ, ਹਤਿਆ ਕਰਨ ਵਾਲੇ ਦੀ ਹਤਿਆ ਕੀਤੀ ਜਾਵੇਗੀ ਅਤੇ ਗਲ ਵਢਣ ਵਾਲਿਆਂ ਦੇ ਗਲ ਵਢੇ ਜਾਣਗੇ।

ਕੁਦਰਤ ਦਾ ਇਹ ਸਪਸ਼ਟ ਕਾਨੂੰਨ ਹੈ :—

ਜੈਸਾ ਕਰੇ ਸੁ ਤੈਸਾ ਪਾਇ ॥ [ਗੋਂਡ ਮ: ੫, ੮੭੦

ਆਪਿ ਬੀਜਿ ਆਪੇ ਹੀ ਖਾਹਿ ॥ [੧੧੯੨

ਜੇਵੇਹੇ ਕਰਮ ਕਮਾਵਦਾ, ਤੇਵੇਹੇ ਫਲਤੇ ॥ [ਵਾਰ ਗਉੜੀ ਮ: ੪, ੩੧੭

ਜੈਸਾ ਬੀਜੈ ਤੈਸਾ ਖਾਵੈ ॥ [ਆਸਾ ਮ: ੭, ੩੬੬

ਜੇਹੇ ਕਰਮ ਕਮਾਇ ਤੇਹਾ ਹੋਇਸੀ ॥ [ਸੂਹੀ ਮ: ੧, ੭੩੦

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ [੧੩੪

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ [ਮਾਝ ਮ: ੫, ੧੩੪

ਜੇਹਾ ਬੀਜੈ ਸੋ ਲੁਣੈ, ਜੇਹਾ ਬੀਉ ਤੇਹੋ ਫਲ ਪਾਈ ॥ [ਭਾ: ਗੁਰਦਾਸ ਜੀ, ੧੬-੧



www.AKJ.Org

# ਜੀਵਨ-ਸੇਧਾਂ

ਚੌਰਾਸੀਹ ਲਖ ਜੂਨਾਂ ਦੇ ਗੇੜੇ ਕਟ ਕਟ ਕੇ ਇਹ ਮਨੁਖਾ ਦੇਹੀ ਵਡੇ ਭਾਗਾਂ ਨਾਲ ਪ੍ਰਾਪਤ ਹੋਈ ਹੈ। ਇਸ ਮਨੁਖਾ ਜਨਮ ਦਾ ਖ਼ਾਸ ਪ੍ਰਯੋਜਨ ਹੈ, ਅਤੇ ਨਿਰਾ ਪੁਰਾ ਖਾਣ ਪੀਣ, ਭੋਗ ਭੋਗਣ ਤੇ ਰੰਗ-ਰਲੀਆਂ ਮਾਣਨ ਵਿਚ ਹੀ ਭੰਗ ਦੇ ਭਾੜੇ ਅਜਾਈਂ ਗੁਆ ਲੈਣਾ ਨਹੀਂ ਹੈ। ਜੇ ਨਿਰਾ ਖਾਣਾ ਪੀਣਾ ਤੇ ਭੋਗ ਭੋਗਣੇ ਹੀ ਮਨੁਖਾ ਜੀਵਨ ਦਾ ਮੰਤਵ ਹੋਵੇ ਤਾਂ ਅਜਿਹੀ ਜੀਵਨੀ ਤਾਂ ਸਭ ਪਸ਼ੂ ਪੰਛੀ ਆਦਿ ਭੀ ਜੀਊਂਦੇ ਹਨ। ਫਿਰ ਇਸ ਮਨੁਖਾ ਜਨਮ ਦੀ ਵਿਸ਼ੇਸ਼ਤਾ ਤੇ ਵਡਿਆਈ ਕੀ ਹੋਈ ?

ਸੰਸਾਰ ਭਰ ਦੇ ਸਭ ਧਰਮਾਂ ਨੇ ਆਪੋ ਆਪਣੇ ਅਨੁਆਈਆਂ ਨੂ ਸਤਿ ਧਰਮ ਦਾ ਮਾਰਗ ਅਪਣਾਉਣ ਲਈ ਉਪਦੇਸ਼ ਕੀਤੇ ਹਨ, ਜਿਨ੍ਹਾਂ ਦੀ ਸੇਧ ਵਿਚ ਚਲ ਕੇ ਮਨੁਖ 'ਮਨੁਖ' ਕਹਾਉਣ ਦਾ ਹੱਕਦਾਰ ਹੈ। ਧਰਮ ਦੇ ਅਰਥ ਹੀ ਰਸਤੇ ਜਾਂ ਸੇਧ ਦੇ ਹਨ। ਸਾਡੇ ਸਤਿਗੁਰੂ ਜੀ ਸਿੱਟੇ ਦੀ ਗੱਲ ਤਾਂ ਇਕੋ ਤੁਕ ਵਿਚ ਹੀ ਸਪਸ਼ਟ ਕਰਦੇ ਹਨ ਕਿ—

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ
ਨਾਮੁ ਜਪਿ ਨਿਰਮਲ ਕਰਮੁ ॥ (੨੬੬)

ਬਸ 'ਨਾਮ ਜਪਣਾ' ਹੀ ਮਨੁਖਾ ਜਨਮ ਦਾ ਮੁਖ ਪ੍ਰਯੋਜਨ ਹੈ। ਮਨੁਖੀ ਜੀਵਨ ਦੇ ਬਾਕੀ ਕਮਾਏ ਜਾਣ ਵਾਲੇ ਕਰਮ ਇਸ ਮੁਖ ਕਰਮ ਦੇ ਸਹਾਇਕ ਹੀ ਹੋਣੇ ਚਾਹੀਦੇ ਹਨ। ਜਿਨ੍ਹਾਂ ਕਰਮਾਂ ਦੇ ਕੀਤਿਆਂ ਨਾਮ ਵਿਸਰੇ, ਉਹ ਕਰਮ ਵਿਵਰਜਿਤ ਹਨ। ਜਿਹਾ ਕਿ—

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ
ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਂਈ
ਦੇ ਦਰਬਾਰਿ ॥੫੯॥ [ਸਲੋਕ ਫ਼ਰੀਦ ਜੀ

ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਸਾਡੇ ਸਰਬੱਗ ਸਤਿਗੁਰਾਂ ਨੇ ਗੁਰਸਿਖਾਂ ਪ੍ਰਥਾਇ ਹੁਕਮ ਕੀਤਾ ਹੈ—

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸਮਾਲੇਹੁ ॥
[ਮ: ੩, ੫੫੭

ਗੁਰੂ ਦੇ ਲੜ ਲਗਣ ਅਤੇ ਨਾਮ ਦੀ ਪ੍ਰਾਪਤੀ ਲਈ ਕੀ ਕੁਝ ਕਰਨਾ ਲੋੜੀਦਾ ਹੈ, ਇਸ ਬਾਰੇ ਹੇਠਾਂ ਕੁਝ ਸੇਧਾਂ ਦਿਤੀਆਂ ਜਾਂਦੀਆਂ ਹਨ।

## ਇਕ ਅਕਾਲ ਪੁਰਖ ਦੇ ਆਸਰੇ ਪਰਨੇ ਰਹਿਣਾ—

ਵਾਹਿਗੁਰੂ ਸਭਨਾਂ ਦਾ ਪਿਤਾ ਹੈ। ਕੋਈ ਦੇਵੀ ਦੇਵ ਜਾਂ ਪੀਰ ਫ਼ਕੀਰ ਉਸ ਦੇ ਤੁਲ ਨਹੀਂ ਹੋ ਸਕਦਾ। ਉਹੀ ਸਭ ਦਾ ਰਾਜ਼ਕ ਹੈ ਅਤੇ ਸਭ ਦੀ ਸਾਰ ਉਹੀ ਕਰਦਾ ਹੈ। ਅਸਾਂ ਆਪਣੀਆਂ ਸਭ ਮੰਗਾਂ ਕੇਵਲ ਅਕਾਲ ਪੁਰਖ ਤੋਂ ਹੀ ਮੰਗਣੀਆਂ ਹਨ, ਗੁਰੂ ਵਾਹਿਗੁਰੂ ਤੋਂ ਛੁਟ ਹੋਰ ਸਾਧਾਂ ਸੰਤਾਂ ਤੇ ਪੀਰਾਂ ਫ਼ਕੀਰਾਂ ਦੇ ਮਗਰ ਨਹੀਂ ਭਜੇ ਫਿਰਨਾ।

## ਅਕਾਲ ਪੁਰਖ ਦੇ ਮਿਲਾਪ ਲਈ ਗੁਰੂ ਵਾਲੇ ਬਣਨਾ—

ਕਲਜੁਗ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਹਨ। ਉਨ੍ਹਾਂ ਨੇ ਦਸ ਜਾਮੇ ਧਾਰ ਕੇ ਵਾਹਿਗੁਰੂ ਨਾਲ ਜੁੜਨ ਲਈ ਜੀਵਾਂ ਨੂੰ ਜੀਵਨ-ਜਾਚ ਦੀ ਸੇਧ ਦਿਤੀ ਅਤੇ ਗੁਰ-ਉਪਦੇਸ਼ ਦੇ ਕੇ, ਸਫਲ ਜੀਵਨ ਜੀਊਣ ਦੀ ਜਾਚ ਸਿਖਾਈ। ਦਸਾਂ ਜਾਮਿਆਂ ਪਿਛੋਂ ਸਤਿਗੁਰਾਂ ਨੇ ਓਹੋ ਸੰਪੂਰਨ ਗੁਰੂ-ਜੋਤਿ, ਜੁਗੋ ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਵੇਸ਼ ਕਰ ਦਿਤੀ ਅਤੇ ਖ਼ਾਲਸੇ ਨੂੰ ਇਨ੍ਹਾਂ ਦੀ ਤਾਬੇ ਚਲ ਕੇ ਜੁਗਤਿ ਵਰਤਾਣ ਦਾ ਅਧਿਕਾਰ ਦਿਤਾ। ਜੁਗਤਿ ਵਰਤਾਣ ਲਈ ਪੰਜ ਜੋਤ-ਜਗੰਨੇ ਸ੍ਰੇਸ਼ਟ ਗੁਰਸਿਖਾਂ ਦੀ ਪੰਚਾਇਤ (ਪੰਜ ਪਿਆਰੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਕਾਇਮ ਕਰ ਦਿਤੀ ਅਤੇ ਹੁਕਮ ਕੀਤਾ ਕਿ ਅਗੇ ਤੋਂ ਜੋ ਕੋਈ ਵੀ ਸਿਖੀ ਧਾਰਨ (ਨਿਗੁਰਿਓਂ ਸਗੁਰਾ ਬਣਨ ਦਾ) ਚਾਹਵਾਨ ਹੋਵੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜੇ ਪੰਚ ਪਰਵਾਣ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਪਾਨ ਕਰੇ। ਉਨ੍ਹਾਂ ਪੰਚਾਂ ਤੋਂ ਪ੍ਰਾਪਤ ਹੋਏ ਗੁਰਮਤਿ (ਨਾਮ) ਗੁਰ-ਮੰਤਰ ਦੀ ਸੁਆਸ ਸੁਆਸ ਜਪਣ ਦੀ ਅਤੁਟ ਕਮਾਈ ਕਰੇ।



www.AKJ.Org

ਸੋ ਗੁਰ-ਹੁਕਮਾਂ ਅਨੁਸਾਰ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕ ਕੇ ਗੁਰ-ਮੰਤਰ ਲੈਣਾ ਉਚਿਤ ਹੈ। ਕਿਸੇ ਐਰੇ ਗੈਰੇ ਇਕੱਲੇ ਦੁਕੱਲੇ ਸਾਧ ਸੰਤ ਤੋਂ ਗੁਰ-ਮੰਤਰ ਲੈਣਾ ਗੁਰ-ਹੁਕਮਾਂ ਤੋਂ ਉਲਟ ਹੈ। ਅਜਿਹਾ ਕਰਨ ਨਾਲ ਕਿਸੇ ਦਾ ਕੁਝ ਸੋਰਦਾ ਨਹੀਂ।

ਅੰਮ੍ਰਿਤ ਛਕ ਕੇ ਪੰਜ-ਕਕਾਰੀ ਰਹਿਤ ਵਿਚ ਉਮਰ ਪ੍ਰਯੰਤ ਕਾਇਮ ਰਹਿਣਾ ਹੈ। ਇਸੇ ਨਾਲ ਹੀ ਮਨ ਦੀ ਮਜ਼ਬੂਤੀ ਤੇ ਦ੍ਰਿੜ੍ਹਤਾ ਰਹਿੰਦੀ ਹੈ ਅਤੇ ਚਾਰ ਬੱਜਰ ਕੁਰਹਿਤਾਂ ਤੋਂ ਬਚੇ ਰਹਿਣ ਲਈ ਸਹਾਰਾ ਮਿਲਿਆ ਰਹਿੰਦਾ ਹੈ। ਯਥਾ ਗੁਰਵਾਕ—

ਰਹਤ ਰਹਤ ਰਹਿ ਜਾਏ ਬਿਕਾਰਾ ॥ (੨੫੯)

## ਅੰਮ੍ਰਿਤ ਵੇਲੇ ਦੀ ਸੰਭਾਲ—

ਗੁਰਸਿਖੀ ਦੀ ਕਾਰ ਅੰਮ੍ਰਿਤ ਵੇਲੇ ਤੋਂ ਅਰੰਭ ਹੁੰਦੀ ਹੈ। ਸਭ ਤੋਂ ਵਡਾ ਅਤੇ ਅਤਿ ਜ਼ਰੂਰੀ ਨਿਯਮ ਜੋ ਸਿਖੀ ਵਿਚ ਸਿਖ ਨੂੰ ਕਾਇਮ ਦਾਇਮ ਰਖਦਾ ਹੈ ਉਹ ਇਹ ਹੈ ਕਿ ਗੁਰੂ ਕਾ ਸਿਖ ਅੰਮ੍ਰਿਤ ਵੇਲੇਂ ਸਵਾ ਪਹਿਰ ਰਾਤ ਰਹਿੰਦੀ ਜਾਗੇ, ਨਾਮ ਜਪਦਿਆਂ ਹੋਇਆਂ ਉਠੇ, ਸੌਚ ਇਸ਼ਨਾਨ ਕਰੇ, ਅਤੇ ਜਿਥੋਂ ਤਕ ਹੋ ਸਕੇ, ਇਕਾਂਤ ਵਿਚ ਬੈਠ ਕੇ ਗੁਰ ਮੰਤਰ ਦਾ ਜਾਪ ਕਰੇ, ਨਾਮ ਵਿਚ ਸੁਰਤ ਨੂੰ ਜੋੜੇ। ਇਸੇ ਨਾਮ ਦੇ ਪਰਚੇ ਵਿਚ ਹੀ ਮਨ ਨੂੰ ਪਰਚਾਵੇ। ਘਟੋ ਘਟ ਪੰਜ ਬਾਣੀਆਂ ਦਾ ਨਿਤਨੇਮ ਕਰੇ ਜਾਂ ਸੁਣੇ। ਉਪਰੰਤ ਗੁਰੂ-ਦੁਆਰੇ ਹੋਇ ਕੇ ਸਾਹਿਬ ਸੰਮ੍ਹਲੇ, ਭਾਵ ਸਤਿਗੁਰਾਂ ਦੇ ਦਰਸ਼ਨ ਕਰੇ, ਅਰਦਾਸ ਕਰੇ ਅਤੇ ਗੁਰੂ-ਹੁਕਮ ਪ੍ਰਾਪਤ ਕਰ ਕੇ ਆਪਣੇ ਕਾਰ-ਵਿਹਾਰ ਵਿਚ ਪਰਵਿਰਤ ਹੋਵੇ। ਕਾਰ-ਵਿਹਾਰ ਕਰਦਿਆਂ ਵੀ ਨਾਮ ਨੂੰ ਨਾ ਵਿਸਾਰੇ। ਯਥਾ ਗੁਰਵਾਕ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥ [ਮ: ੪, ਪੰਨਾ ੩੦੫

ਸ਼ਾਮ ਨੂੰ ਸੋਦਰ ਰਹਿਰਾਸ ਸਾਹਿਬ ਅਤੇ ਸੌਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਕਰੇ।

## ਪੰਜਾਂ ਕਾਮਾਦਿਕਾਂ ਤੋਂ ਸਾਵਧਾਨ ਰਹਿਣਾ—

ਜੀਵ ਦੀਆਂ ਪੰਜ ਵੈਰੀ ਰੁਚੀਆਂ ਹਨ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਇਹ ਪੰਜੇ ਵੈਰੀ ਜੀਵ ਪਾਸੋਂ ਅੰਮ੍ਰਿਤ ਲੁਟ ਲੈ ਜਾਂਦੇ ਹਨ ਅਤੇ ਜੀਵ ਨੂੰ ਕੁ ਰਸਾਂ ਵਿਚ ਫਸਾ ਕੇ ਖਜਲ ਖੁਆਰ ਕਰਦੇ ਅਤੇ ਦੁਖੀ ਕਰਦੇ ਹਨ। ਇਨ੍ਹਾਂ ਤੋਂ ਸਦਾ ਸਦਾ ਸਾਵਧਾਨ ਰਹਿਣ ਦੀ ਲੋੜ ਹੈ। ਯਥਾ ਗੁਰਵਾਕ—

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ ॥ [ਸੋਰਠਿ ਮ: ੩, ੬੦੦

ਨਾਮ ਦਾ ਰਸ ਪ੍ਰਾਪਤ ਹੋਣ ਤੇ ਹੀ ਇਨ੍ਹਾਂ ਕੁ-ਰਸਾਂ ਤੇ ਕਾਬੂ ਪਾਇਆ ਜਾ ਸਕਦਾ ਹੈ।

## ਹਉਮੈ ਦਾ ਤਿਆਗ—

ਮਨੁਖ ਦਾ ਸਭ ਤੋਂ ਵਡਾ ਵੈਰੀ ਹੈ 'ਹਉ-ਮੈਂ'। ਹਉਮੈ ਨੂੰ ਸਤਿਗੁਰਾਂ ਨੇ ਦੀਰਘ ਰੋਗ ਲਿਖਿਆ ਹੈ। ਜੀਵ ਨੂੰ ਇਸ ਦੀ ਪਛਾਣ ਵੀ ਔਖੀ ਹੀ ਹੁੰਦੀ ਹੈ। ਇਹ ਜੀਵ ਦੇ ਸਾਰੇ ਹੀ ਕੀਤੇ ਹੋਏ ਕਰਮ ਧਰਮ, ਜਪ ਤਪ, ਸੇਵਾ ਸਿਮਰਨ ਲੇਖੇ ਨਹੀਂ ਲਗਣ ਦਿੰਦੀ, ਇਹ ਡੈਣ ਸਭ ਕੁਝ ਖਾ ਜਾਂਦੀ ਹੈ। ਗੁਰੂ ਦੀ ਕਿਰਪਾ ਨਾਲ ਇਸ ਦੀ ਪਛਾਣ ਹੋ ਆਉਂਦੀ ਹੈ। ਗੁਰੂ ਦੀ ਕਿਰਪਾ ਨਾਲ ਹੀ ਗੁਰ-ਸ਼ਬਦ ਵਿਚ ਜੁੜ ਕੇ ਇਸ ਨੂੰ ਦਗਧ ਕੀਤਾ ਜਾ ਸਕਦਾ ਹੈ। ਜਿਸ ਹਿਰਦੇ ਵਿਚ ਨਾਮ ਦਾ ਵਾਸਾ ਹੈ ਉਥੇ ਹਉਮੈ ਨਹੀਂ ਟਿਕ ਸਕਦੀ ਅਤੇ ਜਿਥੇ ਹੁਉਮੈ ਹੈ ਉਥੇ ਨਾਮ ਨਹੀਂ ਵਸ ਸਕਦਾ। ਦੋਵੇਂ ਇਕ ਥਾਂ ਨਹੀਂ ਟਿਕ ਸਕਦੇ। ਯਥਾ ਗੁਰਵਾਕ—

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥

[ਵਡਹੰਸੁ ਮ: ੩, ੫੬੦

ਇਸ ਹਉਮੈ ਤੋਂ ਬਚਣ ਦਾ ਉਪਾ ਗੁਰੂ ਅਗੇ



www.AKJ.Org

ਖਿੰਨ ਖਿਨ ਅਰਦਾਸ, ਜੋਦੜੀ, ਬੇਨਤੀ ਕਰ ਕਰ ਕੇ ਨਾਮ ਵਿਚ ਜੁੜਨਾ ਹੈ। ਇਸ ਦਾ ਸਰੂਪ ਸੂਖਸ਼ਮ ਤੋਂ ਅਤਿ ਸੂਖਸ਼ਮ ਹੁੰਦਾ ਜਾਂਦਾ ਹੈ। ਨਾਮ ਬਾਣੀ ਦੇ ਸੇਵਨ ਨਾਲ ਹੀ ਇਸ ਹਉਮੈ ਦੀ ਸੋਝੀ ਪੈ ਸਕਦੀ ਹੈ ਤੇ ਇਸ ਤੋਂ ਬਚਾ ਕੀਤਾ ਜਾ ਸਕਦਾ ਹੈ। ਹਉਮੈ ਦੇ ਮਿਟਣ ਨਾਲ ਹੀ ਸੇਵਾ ਹੋ ਸਕਦੀ ਹੈ, ਨਹੀਂ ਤਾਂ ਦਿਖਾਵੇ, ਪਖੰਡ ਅਤੇ ਵਡਪੁਣੇ ਵਿਚ ਜਨਮ ਅਜਾਈਂ ਚਲਾ ਜਾਂਦਾ ਹੈ।

**ਧਰਮ ਦੀ ਕਿਰਤ—**

ਸਰੀਰ ਦੇ ਨਿਰਬਾਹ ਲਈ ਘਾਲ ਕਮਾਈ ਕਰ ਕੇ ਖਾਣਾ ਹੀ ਯੋਗ ਹੈ। ਨੌਕਰੀ ਹੋਵੇ ਜਾਂ ਵਪਾਰ, ਵਾਹੀ ਹੋਵੇ ਜਾਂ ਹੱਟੀ, ਕੋਈ ਵੀ ਕਿਰਤ ਹੋਵੇ, ਸੁੱਚੀ ਹੋਣੀ ਚਾਹੀਦੀ ਹੈ। ਚੋਰੀ, ਠੱਗੀ, ਫ਼ਰੇਬ, ਝੂਠ, ਵਢੀ ਖ਼ੋਰੀ, ਹੇਰਾ ਫੇਰੀ ਆਦਿ ਨਾਲ ਗੁਰਮਤਿ ਤੋਂ ਥਿੜਕ ਜਾਈਦਾ ਹੈ ਅਤੇ ਇਨ੍ਹਾਂ ਵਸੀਲਿਆਂ ਨਾਲ ਪ੍ਰਾਪਤ ਕੀਤੀ ਮਾਇਆ ਪੁੱਠੇ ਗੇੜ ਵਿਚ ਪਾ ਦਿੰਦੀ ਹੈ। ਤਾਂ ਹੀ ਤਾਂ ਹੁਕਮ ਹੈ—

(੧) ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ [ਸਲੋਕ ਮ: ੧, ੧੨੪੫

(੨) ਕਿਰਤ ਵਿਰਤ ਕਰਿ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ ॥ ਗੁਰਸਿਖਾਂ ਨੋ ਦੇਇ ਕਰਿ, ਪਿਛੋਂ ਬਚਿਆ ਆਪ ਖਵੰਦਾ ॥
[ਭਾ: ਗੁਰਦਾਸ ਜੀ, ੪੦-੧੧

**ਸਾਧ ਸੰਗਤ ਦੀ ਸੇਵਾ—**

ਜਿਥੇ ਸੁੱਚੀ ਕਿਰਤ ਕਰਨੀ ਹੈ, ਘਾਲ ਕਮਾਈ ਕਰ ਕੇ ਵੰਡ ਛਕਣਾ ਹੈ ਉਥੇ ਸਾਧ ਸੰਗਤ ਦੀ ਸੇਵਾ ਨਾਲ ਮਨ ਦੀ ਸੁਧੀ ਹੁੰਦੀ ਹੈ, ਮਨ ਵਿਚ ਸਵੱਛਤਾ ਵਸਦੀ ਹੈ, ਮਨ ਦੀ ਗਰੀਬੀ ਆਉਂਦੀ ਹੈ ਅਤੇ ਮਨ ਅੰਦਰ ਚੰਗੇ ਗੁਣਾਂ ਦਾ ਨਿਵਾਸ ਹੁੰਦਾ ਹੈ। ਭੈੜੀਆਂ ਵਾਦੀਆਂ ਤੋਂ ਛੁਟਕਾਰਾ ਹੋ ਕੇ ਚੰਗੇ ਸੁਭਾ ਬਣ ਜਾਂਦੇ ਹਨ।

ਸਾਡੀ ਸੇਵਾ ਨਿਸ਼ਕਾਮ ਹੋਣੀ ਚਾਹੀਦੀ ਹੈ, ਨਿਜੀ ਸੁਆਰਥ, ਗ਼ਰਜ਼ਾਂ, ਦਿਖਲਾਵਾ ਤੇ ਮਾਣ ਵਡਿਆਈ ਖ਼ਾਤਰ ਕੀਤੀ ਸੇਵਾ ਕਿਸੇ ਲੇਖੇ ਨਹੀਂ ਲਗਦੀ। ਹੁਕਮ ਹੈ—

(੧) ਪੈਰੀ ਪੈ ਪਾਖਾਕ ਹੋਇ, ਛਡਿ ਮਣੀ ਮਨੂਰੀ ॥ ਪਾਣੀ ਪਖਾ ਪੀਹਣਾ, ਨਿਤ ਕਰੈ ਮਜੂਰੀ ॥ ਤੁਪੜ ਝਾੜਿ ਵਿਛਾਇਦਾ, ਚੁਲਿ ਝੋਕ ਨ ਝੂਰੀ ॥ ਮੁਰਦੇ ਵਾਂਗ ਮੁਰੀਦ ਹੋਇ, ਕਰਿ ਸਿਦਕ ਸਬੂਰੀ ॥ [ਭਾਈ ਗੁਰਦਾਸ ਜੀ,੨੭-੧੯

(੨) ਗੁਰਸਿਖਾ ਗੁਰ ਸਿਖ ਸਵਾ ਲਾਇਆ ॥ ਸਾਧ ਸੰਗਤਿ ਕਰਿ ਸੇਵ, ਸੁਖ ਫਲੁ ਪਾਇਆ ॥ ਤਪੜੁ ਝਾੜਿ ਵਿਛਾਇ, ਧੂੜੀ ਨਾਇਆ ॥ ਕੋਰੇ ਮਟ ਅਣਾਇ, ਨੀਰ ਭਰਾਇਆ ॥ ਆਣਿ ਮਹਾ ਪ੍ਰਸਾਦ ਵੰਡ ਛਕਾਇਆ ॥

**ਦਸਵੰਧ ਕਢਣਾ—**

ਉਪਰਲੇ ਹੁਕਮਾਂ ਵਿਚ ਸਪੱਸ਼ਟ ਹੈ ਕਿ ਜਿਥੇ ਨੇਕ ਕਮਾਈ ਕਰਨੀ ਹੈ ਉਥੇ ਆਪਣੀ ਸੁਚੀ ਕਿਰਤ ਕਰਕੇ ਪ੍ਰਾਪਤ ਕੀਤੀ ਹੋਈ ਕਮਾਈ ਵਿਚੋਂ ਵੰਡ ਕੇ ਵੀ ਛਕਣਾ ਹੈ ਅਤੇ ਦਸਵੰਧ ਦੇਣਾ ਹੈ।

**ਸੰਜਮੀ ਜੀਵਨ—**

ਸਾਦਾ ਜੀਵਨ ਬਤੀਤ ਕਰਨਾ ਗੁਰਸਿਖੀ ਦਾ ਮੁਖ ਆਦਰਸ਼ ਹੈ। ਸਾਦਾ ਖਾਣਾ, ਸਾਦਾ ਪਹਿਨਣਾ, ਤੇ ਸਾਦਾ ਜੀਵਨ ਬਤੀਤ ਕਰਨ ਪ੍ਰਥਾਇ ਹੁਕਮ ਹੈ—

(੧) ਥੋੜਾ ਸਵਣਾ ਖਾਵਣਾ, ਥੋੜਾ ਬੋਲਣ ਗੁਰਮਤਿ ਪਾਏ ॥ ਘਾਲਿ ਖਾਇ ਸੁਕ੍ਰਿਤ ਕਰੈ, ਵਡਾ ਹੋਇ ਨ ਆਪ ਗਣਾਏ ॥
[ਭਾ: ਗੁਰਦਾਸ ਜੀ, ੨੮-੧੫

(੨) ਥੋੜਾ ਪਾਣੀ ਅੰਨੁ ਖਾਇ ਪੀਆਇਆ ॥ ਥੋੜਾ ਬੋਲਣ ਬੋਲ, ਨ ਝਖਿ ਝਖਾਇਆ ॥ ਥੋੜੀ ਰਾਤੀ ਨੀਦ ਨ ਮੋਹਿ ਫਹਾਇਆ ॥
[ਭਾਈ ਗੁਰਦਾਸ ਜੀ, ੨੦-੧੫

(੩) ਓਨੀ ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ ॥ [ਆਸਾ ਕੀ ਵਾਰ ਮ: ੧,੪੬੭

**ਨਿਰਮਾਣ ਜੀਵਨ ਬਿਤਾਣਾ—**

ਗੁਰਸਿਖ ਨਿਮਰਤਾ ਵਾਲੇ ਜੀਵਨ ਵਿਚ ਵਿਚਰਦਾ ਹੈ। ਇਹ ਨਿਮਰਤਾ ਸਹਿਜ, ਤੇ ਠਰ੍ਹੰਮੇ ਅਤੇ ਮਿੱਠਾ ਬੋਲਣ ਨਾਲ ਅੰਦਰ ਵਸਦੀ ਹੈ। ਨਿਉਂ ਕੇ ਚਲਣਾ ਅਤੇ ਵਡਪੁਣੇ ਤੇ ਦਿਖਾਵੇ ਦੇ ਕਰਮਾਂ ਤੋਂ ਬਚ ਕੇ ਰਹਿਣਾ ਹੀ ਗੁਰੂ ਨੂੰ ਭਾਉਂਦਾ ਹੈ।



www.AKJ.Org

**ਨਿੰਦਾ ਚੁਗਲੀ ਆਦਿ ਦਾ ਤਿਆਗ—**

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ, ਨਰਕੇ ਘੋਰਿ ਪਵੰਨਿ ॥੬॥ [ਸੂਹੀ ਮ: ੩, ੭੫੫

ਚੁਗਲੀ, ਨਿੰਦਿਆ, ਬਖ਼ੀਲੀ, ਈਰਖਾ, ਸਾੜਾ, ਦਵੈਖ, ਆਦਿ ਸਭ ਬੁਰਿਆਈਆਂ ਤਿਆਗਣੀਆਂ ਹਨ। ਇਹ ਮਾੜੀਆਂ ਵਾਦੀਆਂ ਜੀਵ ਨੂੰ ਖ਼ਰਾਬ ਕਰਦੀਆਂ ਹਨ ਅਤੇ ਸਚ ਵਾਲੇ ਪਾਸੇ ਲਗਣ ਨਹੀਂ ਦਿੰਦੀਆਂ, ਨਾਮ ਤੋਂ ਵਿਛੋੜਦੀਆਂ ਹਨ।

**ਸਰਬੱਤ ਦਾ ਭਲਾ ਲੋਚਣਾ—**

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥

[ਕਾਨੜਾ ਮ: ੫, ੧੨੯੯

ਇਸ ਗੁਰ-ਹੁਕਮ ਅਨੁਸਾਰ ਅਸਾਂ ਸਭ ਦਾ ਭਲਾ ਲੋਚਣਾ ਹੈ, ਕਿਸੇ ਦੇ ਅਉਗਣ ਨਹੀਂ ਚਿਤਾਰਨੇ, ਅਣਡਿਠ ਕਰ ਕੇ ਗੁਣਾਂ ਦੀ ਸਾਂਝ ਕਰਨੀ ਹੈ। ਕਿਸੇ ਪਰਥਾਇ ਮੰਦੀ ਚਿਤਵਣੀ ਨਹੀਂ ਕਰਨੀ। ਕਿਸੇ ਨੂੰ ਦੁਖ ਦੇਣਾ, ਕੌੜਾ ਫਿਕਾ ਬੋਲ ਕੇ ਕਿਸੇ ਦਾ ਮਨ ਨਹੀਂ ਦੁਖਾਉਣਾ। ਯਥਾ ਗੁਰਵਾਕ—

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਿਕ ਸਭ ਅਮੋਲਵੇ ॥......ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀ ਦਾ ॥੧੩੦॥

[ਸਲੋਕ ਫਰੀਦ ਜੀ

**ਭਾਣੇ ਵਿੱਚ ਸਮਾਨ ਰਹਿਣਾ—**

ਕੁਦਰਤ ਦੇ ਭਾਣੇ ਅਨੁਸਾਰ ਦੁਖ ਸੁਖ, ਖ਼ੁਸ਼ੀ ਗ਼ਮੀ, ਜੀਵਨ ਵਿਚ ਵਾਪਰਦੀਆਂ ਹਨ, ਪਰ ਦੋਨ੍ਹਾਂ ਦੋਹਾਂ ਅਵਸਥਾਂ ਵਿਚ ਸਮਾਨ ਰਹਿਣਾ ਅਤੀ ਜ਼ਰੂਰੀ ਹੈ। ਖ਼ੁਸ਼ੀ ਵਿਚ ਆਪੇ ਤੋਂ ਬਾਹਰ ਨਹੀਂ ਹੋਣਾ ਅਤੇ ਗ਼ਮੀ ਵਿਚ ਹਾਲੋਂ ਬੇਹਾਲ ਨਹੀਂ ਹੋਣਾ; ਸਗੋਂ ਹੁਕਮ ਰਜਾਈ ਵਿਚ ਰਹਿਣਾ ਹੈ।

ਗਰੀਬੀ ਅਮੀਰੀ, ਮਾਨ ਅਪਮਾਨ, ਉਸਤਤ ਨਿੰਦਾ ਆਦਿ ਵਿਚ ਆਪਣੇ ਆਪ ਨੂੰ ਕਾਇਮ ਰਖਣ ਅਤੇ ਸੰਜੀਦਗੀ ਵਿਚ ਹੀ ਗੁਰਸਿਖੀ ਹੈ।

**ਮਨਮੁਖੀ ਕਰਮ—**

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕੈ ਆਵਤ ਲਾਜਾ ॥ [ਬਚਿਤ੍ਰ ਨਾਟਕ

ਰੰਗ ਤਮਾਸ਼ੇ, ਨਾਟਕ ਚੇਟਕ ਸਿਨਮੇ ਦੇਖਣੇ, ਗੰਦੇ ਗੀਤ ਗਾਉਣੇ ਸੁਣਨੇ, ਨਸ਼ਿਆਂ (ਸ਼ਰਾਬ, ਅਫ਼ੀਮ, ਭੰਗ ਆਦਿ) ਦੀ ਵਰਤੋਂ ਕਰਨੀ ਸਭ ਮਨਮੁਖੀ ਕਰਮ ਹਨ। ਇਹ ਨਹੀਂ ਕਰਨੇ।

**ਕੁਸੰਗ ਤੋਂ ਬਚਣਾ—**

ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ ॥

[ਮ: ੫, ੯੬੫

ਜਿਹੋ ਜਿਹੀ ਕੋਈ ਸੰਗਤ ਕਰਦਾ ਹੈ ਤਿਹੋ ਜਿਹਾ ਫਲ ਪਾਉਂਦਾ ਹੈ, ਭਾਵ ਉਹੋ ਜਿਹਾ ਹੀ ਬਣ ਜਾਂਦਾ ਹੈ। ਸਤਸੰਗੀਆਂ ਦੀ ਸੰਗਤ ਸਤਸੰਗੀ ਬਣਾ ਦਿੰਦੀ ਹੈ ਅਤੇ ਬੁਰਿਆਂ ਭਾਵ ਰੱਬ ਤੋਂ ਭੁਲਿਆਂ ਹੋਇਆਂ ਦੀ ਸੰਗਤ ਰੱਬ ਤੋਂ ਭੁਲਾ ਦਿੰਦੀ ਹੈ ਅਤੇ ਬੁਰਿਆਈਆਂ ਵਿਚ ਪਰਵਿਰਤ ਕਰਦੀ ਹੈ। ਤਾਂ ਹੀ ਤਾਂ ਨਿਤਾਪ੍ਰਤਿ ਸਤਿਸੰਗਤ ਕਰਨ ਦਾ ਤਾਕੀਦੀ ਹੁਕਮ ਹੈ—

(੧) ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ [ਸਿਰੀ ਰਾਗੁ ਮ: ੩, ਪੰਨਾ ੩੫

(੨) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ, ਪੜਿ ਸੂਆ ਗਨਕ ਉਧਾਰੇ ॥

[ਨਟ ਮ: ੪, ੯੮੧

---

## ਪਿੰਡ ਕੁਰਾਲਾ ਕਲਾਂ ਵਿਖੇ ਅੰਮ੍ਰਿਤ-ਕੀਰਤਨ ਅਤੇ ਅੰਮ੍ਰਿਤ-ਸੰਚਾਰ

ਸਚੇ ਪਾਤਸ਼ਾਹ ਦੀ ਅਪਾਰ ਕਿਰਪਾ ਦੁਆਰਾ ਪਿਛਲੇ ਸਾਲਾਂ ਵਾਂਗ ਦਾਸ ਦੇ ਗ੍ਰਹਿ ਵਿਖੇ ੬ ਮਾਰਚ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ। ਅੰਮ੍ਰਿਤ-ਸੰਚਾਰ ਸਮਾਗਮ ਵੀ ਹੋਣਗੇ। ਰੈਣ-ਸਬਾਈ ਕੀਰਤਨ ਦੀ ਸਮਾਪਤੀ ਤੇ ਬੱਚੀ ਦੇ ਅਨੰਦ ਕਾਰਜ ਕਰਨੇ ਹਨ। ਸਮੂਹ ਸੰਗਤ ਆਪਣੀ ਬੱਚੀ ਜਾਣ ਕੇ ਸਮਾਗਮ ਵਿਚ ਹਾਜ਼ਰੀਆਂ ਬਖ਼ਸ਼ ਕੇ ਨਿਵਾਜੇ। ਦਰਸ਼ਨ ਅਭਿਲਾਖੀ—

**ਅਵਤਾਰ ਸਿੰਘ, ਪਿੰਡ ਤੇ ਡਾ: ਕੁਰਾਲਾ ਕਲਾਂ, ਤਸੀਲ ਦਸੂਹਾ, (ਜੀ. ਟੀ. ਰੋਡ ਜਲੰਧਰ-ਪਠਾਨਕੋਟ)**

www.AKJ.Org

# ਬੀਬੀ ਭਾਗਵੰਤੀ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ ੩੧]

ਭਾਈ ਦੁਨੀ ਚੰਦ ਲਾਹੌਰ ਦਾ ਵੱਡਾ ਧਨਾਢ ਹੋਇਆ ਹੈ । ਉਸ ਨੇ ਲੱਖਾਂ ਰੁਪਇਆ ਕਮਾਇਆ । ਇਹ ਰੁਪਇਆ ਉਸ ਪਾਸ ਵਧਦਾ ਹੀ ਗਿਆ । ਉਸ ਦੀ ਘਰ-ਵਾਲੀ ਦਾ ਨਾਂ ਸੀ ਭਾਗਵੰਤੀ । ਉਸ ਨੇ ਭਾਗਵੰਤੀ ਨੂੰ ਕਿਸੇ ਗੱਲੋਂ ਤੰਗ ਨਹੀਂ ਸੀ ਹੋਣ ਦਿੱਤਾ । ਉਸ ਦੇ ਸੁਖ ਦਾ ਹਰ ਤਰ੍ਹਾਂ ਖਿਆਲ ਰਖਦਾ ਸੀ । ਬੀਬੀ ਭਾਗਵੰਤੀ ਵੀ ਆਪਣੇ ਪਤੀ ਤੋਂ ਹਰ ਤਰ੍ਹਾਂ ਜਾਨ ਵਾਰਦੀ ਸੀ । ਚਾਹੇ ਉਹ ਮਾਇਆ ਨਾਲ ਰਜੀ ਪੁਜੀ ਸੀ, ਫਿਰ ਵੀ ਪਤੀ ਦੀ ਸੇਵਾ ਹੱਥੀਂ ਕਰਨ ਵਿਚ ਉਸ ਨੂੰ ਬਹੁਤ ਖ਼ੁਸ਼ੀ ਹੁੰਦੀ ਸੀ ।

ਭਾਈ ਦੁਨੀ ਚੰਦ ਨੇ ਆਪਣੇ ਪਿਤਾ ਦਾ ਸਰਾਧ ਕਰਨਾ ਚਾਹਿਆ ਅਤੇ ਦਿਨ ਵੀ ਨੀਯਤ ਕਰ ਦਿੱਤਾ । ਸਰਾਧ ਵਾਲੇ ਦਿਨ ਜਿਥੇ ਭਾਈ ਦੁਨੀ ਚੰਦ ਨੇ ਸੌ ਬ੍ਰਾਹਮਣਾਂ ਨੂੰ ਆਪਣੇ ਘਰ ਆਉਣ ਲਈ ਸੱਦਾ ਦਿੱਤਾ, ਉਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਵੀ, ਜੋ ਉਨ੍ਹਾਂ ਦਿਨਾਂ ਵਿਚ ਲਾਹੌਰ ਟਿਕੇ ਹੋਏ ਸਨ, ਸੱਦਾ ਦੇ ਆਇਆ । ਬ੍ਰਾਹਮਣ ਖਾ ਪੀ ਕੇ ਆਪੋ ਆਪਣੇ ਰਾਹ ਪਏ ।

ਕਰਤਾ ਪੁਰਖ ਨੇ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਜਗਤ ਜਲੰਦੇ ਦੇ ਠਾਰਨ ਤੇ ਭੁਲੀ ਲੁਕਾਈ ਨੂੰ ਸਿਧੇ ਰਾਹ ਪਾਉਣ ਲਈ ਹੀ ਇਸ ਸੰਸਾਰ ਵਿਚ ਭੇਜਿਆ ਸੀ । ਇਸ ਦੰਪਤੀ ਦੇ ਵੀ ਪੂਰਬਲੇ ਭਾਗਾਂ ਦਾ ਅੰਕੁਰ ਜਾਗਿਆ । ਉਨ੍ਹਾਂ ਨੂੰ ਭਰਮ-ਜਾਲ ਚੋਂ ਕਢਣ ਲਈ ਗੁਰੂ ਨਾਨਕ ਪਾਤਿਸ਼ਾਹ ਚਲ ਕੇ ਉਨ੍ਹਾਂ ਦੇ ਘਰ ਗਏ । ਬ੍ਰਾਹਮਣ ਤਾਂ ਸਾਰੇ ਪੇਟ-ਪੂਜਾ ਕਰ ਕੇ ਚਲਦੇ ਬਣੇ, ਪਰ ਸਤਿਗੁਰਾਂ ਨੇ ਦੁਨੀ ਚੰਦ ਦੇ ਘਰ ਦਾ ਕੁਝ ਵੀ ਅੰਗੀਕਾਰ ਨਾ ਕੀਤਾ ।

ਭਾਈ ਦੁਨੀ ਚੰਦ ਉਨ੍ਹਾਂ ਅਗੇ ਹੱਥ ਜੋੜੀ ਖਲੋਤਾ ਸੀ ਕਿ ਕੁਝ ਤਾਂ ਗ੍ਰਹਿਣ ਕਰੋ । ਗੁਰੂ ਸਾਹਿਬ ਨੇ ਉਸ ਨੂੰ ਸੋਝੀ ਪਾਈ ਕਿ ਇਹ ਸਰਾਧ ਤੇਰੇ ਪਿਤਾ ਨੂੰ ਕੋਈ ਲਾਭ ਨਹੀਂ ਪਹੁੰਚਾ ਸਕਦੇ । ਆਪੋ ਆਪਣੇ ਕਰਮਾਂ ਦੇ ਫਲ ਸਭ ਨੇ ਭੋਗਣੇ ਹੁੰਦੇ ਹਨ । ਜਿਹੋ ਜਿਹਾ ਕੋਈ ਬੀਜਦਾ ਹੈ, ਤਿਹੋ ਜਿਹਾ ਉਹ ਫਲ ਪਾਉਂਦਾ ਹੈ ।

ਭਾਈ ਦੁਨੀ ਚੰਦ ਨੇ ਬਿਨੈ ਕੀਤੀ ਕਿ ਮਹਾਰਾਜ, ਬ੍ਰਾਹਮਣਾਂ ਦਾ ਮੁੱਖੀ ਤਾਂ ਕਹਿ ਗਿਆ ਹੈ ਕਿ ਸਾਨੂੰ ਖੁਆਇਆ ਪਿਆਇਆ ਸਭ ਤੇਰੇ ਪਿਤਾ ਨੂੰ ਪੁਜ ਗਿਆ ਹੈ । ਕੀ ਇਹ ਸੱਚ ਨਹੀਂ ?

ਨਿਰੰਕਾਰੀ ਪਿਤਾ ਨੇ ਦੁਨੀ ਚੰਦ ਨੂੰ ਦਸਿਆ ਕਿ ਇਹ ਸਭ ਝੂਠ ਹੈ । ਇਨ੍ਹਾਂ ਭੋਜਨਾਂ ਨਾਲ ਬ੍ਰਾਹਮਣਾਂ ਦੇ ਢਿਡ ਜ਼ਰੂਰ ਭਰੇ ਹਨ, ਪਰ ਤੇਰੇ ਪਿਤਾ ਦਾ ਨਹੀਂ ਭਰਿਆ । ਉਹ ਤਾਂ ਸਗੋਂ ਤਿੰਨ੍ਹਾਂ ਦਿਨਾਂ ਦਾ ਭੁੱਖਾ ਵਿਲਕ ਰਿਹਾ ਹੈ ਅਤੇ ਉਹ ਵੀ ਬਘਿਆੜ ਦੀ ਜੂਨ ਵਿਚ ।

ਇਹ ਸੁਣ ਕੇ ਭਾਈ ਦੁਨੀ ਚੰਦ ਬੜਾ ਪ੍ਰੇਸ਼ਾਨ ਹੋਇਆ । ਅਰਜ਼ ਕੀਤੀਉਸੁ, ਦਾਤਾ ਜੀਉ ! ਤੁਸਾਂ ਇਹ ਕੀ ਕਹਿ ਦਿੱਤਾ ? ਮੇਰਾ ਪਿਤਾ ਬਘਿਆੜ ! ਤੇ ਫਿਰ ਤਿੰਨ ਦਿਨਾਂ ਤੋਂ ਭੁੱਖਾ ! ਆਪ ਮਿਹਰ ਕਰੋ ਅਤੇ ਮੈਨੂੰ ਉਨ੍ਹਾਂ ਦੇ ਦਰਸ਼ਨ ਕਰਾਉ ਜੀ ।

ਸਤਿਗੁਰਾਂ ਦਸਿਆ ਕਿ ਇਥੋਂ ਲਾਗੇ ਹੀ ਰਾਵੀ ਦੇ ਪਾਰਲੇ ਪਾਸੇ ਜੰਗਲ ਵਿਚ ਚਲਾ ਜਾ, ਉਥੇ ਤੈਨੂੰ ਇਕ ਬਘਿਆੜ ਨਜ਼ਰ ਆਏਗਾ, ਉਹ ਤੇਰਾ ਪਿਤਾ ਹੈ । ਉਸ ਦੇ ਨੇੜੇ ਨਿਝਕ ਚਲਾ ਜਾਈਂ, ਉਸ ਦੇ ਦਰਸ਼ਨ ਵੀ ਕਰੀਂ ਅਤੇ ਗੱਲਾਂ ਵੀ ਕਰ ਲਈਂ ।

ਹੁਣ ਭਾਈ ਦੁਨੀ ਚੰਦ, ਗੁਰੂ ਸਾਹਿਬ ਦੇ ਦਸੇ ਟਿਕਾਣੇ ਤੇ ਪੁਜ ਗਿਆ । ਦੇਖਿਉਸੁ । ਸੱਚ-ਮੁੱਚ ਉਥੇ ਇਕ ਬਘਿਆੜ ਬੇਸੁਧੀ ਦੀ ਹਾਲਤ ਵਿਚ ਪਿਆ ਹੈ । ਬਘਿਆੜ, ਜਿਸ ਵਿਚੋਂ ਮਨੁਖੀ ਜਾਮੇ ਦੀ ਗ਼ੈਬੀ ਆਂਵਾਜ਼ ਆਈ—"ਬੇਟਾ ! ਤੇਰਾ ਸ਼ਰਾਧ ਕੀਤਾ ਮੇਰੇ ਕਿਸੇ ਕੰਮ ਨਹੀਂ ਆਇਆ । ਮੈਂ ਤਾਂ ਤਿੰਨਾਂ ਦਿਨਾਂ ਦਾ ਭੁੱਖਾ ਹਾਂ । ਕੋਈ ਸ਼ਿਕਾਰ ਵੀ ਨਸੀਬ ਨਹੀਂ ਹੋਇਆ । ਤੇਰੇ ਘਰ ਕੋਈ ਬਹੁਤ ਵੱਡੇ ਔਲੀਆ ਆਏ ਹਨ । ਅੱਜ ਉਨ੍ਹਾਂ ਦੀ ਮਿਹਰ-


www.AKJ.Org

ਦ੍ਰਿਸ਼ਟੀ ਮੇਰੇ ਤੇ ਹੋਈ ਹੈ, ਜਿਸ ਕਰਕੇ ਮੇਰਾ ਉਧਾਰ ਹੋ ਜਾਏਗਾ।"

ਭਾਈ ਦੁਨੀ ਚੰਦ ਨੇ ਹੈਰਾਨ ਹੋ ਕੇ ਪੁਛਿਆ, "ਪਿਤਾ ਜੀ ! ਇਹ ਤਾਂ ਦਸੋ ਕਿ ਤੁਹਾਨੂੰ ਬਘਿਆੜ ਦੀ ਦੇਹੀ ਕਿਉਂ ਪਾਉਣੀ ਪਈ ?"

"ਬੇਟਾ ! ਇਕ ਤਾਂ ਮੈਂ ਸਾਰੀ ਉਮਰ ਬੇਈਮਾਨੀ ਕਰ ਕਰ ਕੇ ਦੌਲਤ ਇਕੱਠੀ ਕੀਤੀ। ਉਹ ਰੱਬ, ਜਿਸ ਨੇ ਇਤਨਾ ਸੋਹਣਾ ਮਨੁਖੀ ਜਾਮਾ ਬਖਸ਼ਿਆ ਸੀ, ਕਦੀ ਨ ਧਿਆਇਆ। ਇਸ ਲਈ ਜੂਨਾਂ ਦੇ ਚਕਰ ਵਿਚ ਪੈਣਾ ਹੀ ਸੀ। ਦੂਜਾ ਮਰਨ ਲਗਿਆਂ ਮੇਰਾ ਦਿਲ ਮਾਸ ਖਾਣ ਨੂੰ ਬਹੁਤ ਲਲਚਾਇਆ, ਕਿਉਂਕਿ ਗਵਾਂਢੀਆਂ ਦੇ ਘਰ ਮੱਛੀ ਬਣ ਰਹੀ ਸੀ। ਇਸ ਅਭਿਲਾਖਾ ਵਿਚ ਪ੍ਰਾਣ ਤਿਆਗਣ ਨਾਲ ਬਘਿਆੜ ਦੀ ਜੂਨੇ ਪੈ ਗਿਆ।"

ਇਹ ਅਸਚਰਜ ਕੌਤਕ ਵੇਖ ਕੇ ਅਤੇ ਪਿਤਾ ਦੇ ਬਚਨ ਸੁਣ ਕੇ ਦੁਨੀ ਚੰਦ ਦੀਆਂ ਅੱਖਾਂ ਖੁਲ੍ਹ ਗਈਆਂ ਕਿ ਮੇਰੇ ਘਰ ਜੋ ਸਾਧੂ ਆਏ ਹਨ ਉਹ ਕੋਈ ਮਹਾਂ ਪੁਰਖ ਹਨ ਜਿਨ੍ਹਾਂ ਦੀ ਦ੍ਰਿਸ਼ਟੀ ਮਾਤਰ ਨਾਲ ਸੰਸਾਰ-ਸਾਗਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ। ਉਹ ਵਾਪਸ ਘਰ ਪੁਜਾ ਅਤੇ ਗੁਰੂ ਸਾਹਿਬ ਦੇ ਚਰਨੀਂ ਪਿਆ। ਫਿਰ ਉਸ ਨੇ ਆਪਣੀ ਪਤਨੀ ਭਾਗਵੰਤੀ ਨੂੰ ਸਤਿਗੁਰਾਂ ਦੀ ਚਰਨੀਂ ਲਾਇਆ ਅਤੇ ਕਿਹਾ ਕਿ ਇਨ੍ਹਾਂ ਦੀ ਸ਼ਰਨ ਪਇਆਂ ਹੀ ਸਾਡਾ ਨਿਸਤਾਰਾ ਹੋਣਾ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਘਰ ਵਾਲੀ ਸੁਘੜ ਸੁਚਜੀ ਤੇ ਪਤੀ ਦੀ ਪਿਆਰੀ ਸੀ, ਸਿਰਤਾਜ ਦਾ ਰੰਗ ਰੂਪ ਤੇ ਅਵਾਜ਼ ਬਦਲੇ ਡਿਠੇ, ਕੋਈ ਮਿਠਾਸ, ਕੋਈ ਨਿਮਕੀ, ਕੋਈ ਨਿਮ੍ਰਤਾ ਤੇ ਕੋਈ ਦਰਦ ਭਰੀ ਪਿਆਰ ਦੀ ਝਰਨਾਟ ਪਤੀ ਦੀ ਆਵਾਜ਼ ਵਿਚ ਤਕੀਉਸੁ ਤੇ ਦੂਜੀ ਛਿਨ ਗੁਰੂ ਬਾਬੇ ਦੇ ਚਰਨਾਂ ਤੇ ਢਠੀ।

[ਗੁਰੂ ਨਾਨਕ ਚਮਤਕਾਰ II, ੪੮੬

ਸਤਿਗੁਰਾਂ ਫ਼ੁਰਮਾਇਆ, 'ਉਠੋ ਬੇਟੀ ! ਜਾਉ !! ਕੁਝ ਖਾਣ ਪੀਣ ਦਾ ਪ੍ਰਬੰਧ ਕਰੋ। ਤੁਸਾਂ ਸਵੇਰ ਦਾ ਕੁਝ ਨਹੀਂ ਛਕਿਆ। ਆਪਣੇ ਪਤੀ ਨੂੰ ਵੀ ਕੁਝ ਛਕਾਉ।'

ਭਾਗਵੰਤੀ—ਪਿਤਾ ਜੀ ! ਜਿੰਨਾ ਚਿਰ ਤੁਸੀਂ ਕੁਝ ਨਹੀਂ ਛਕੋਗੇ, ਅਸੀਂ ਕਿਵੇਂ ਛੱਕ ਸਕਦੇ ਹਾਂ ?

ਗੁਰੂ ਸਾਹਿਬ—ਨਹੀਂ ਬੇਟੀ ! ਸਾਡਾ ਪ੍ਰਸ਼ਾਦਾ ਛਕਣ ਦਾ ਸਮਾਂ ਅਜੇ ਨਹੀਂ ਆਇਆ, ਸਮਾਂ ਆਉਣ ਤੇ ਅਸੀਂ ਆਪੇ ਮੰਗ ਲਵਾਂਗੇ।

ਬੀਬੀ ਹੁਕਮ ਮੰਨ ਕੇ ਰਸੋਈ ਵਿਚ ਚਲੀ ਗਈ।

ਭਾਈ ਦੁਨੀ ਚੰਦ ਲੋਟ-ਪੋਟ ਹੋਈ ਬਿਵਸਥਾ ਵਿਚ ਗੁਰੂ ਪਾਤਿਸ਼ਾਹ ਦੇ ਚਰਨਾਂ ਵਿਚ ਬੈਠ ਗਿਆ ਅਤੇ ਖਿਨ ਖਿਨ ਵਾਰਨੇ ਬਲਿਹਾਰਨੇ ਹੋ ਰਿਹਾ ਸੀ ਕਿ ਪਾਤਿਸ਼ਾਹ ਨੇ ਮਿਹਰ ਭਰੀ ਬੁਝਾਉਣੀ ਪਾਈ ਅਤੇ ਕਿਹਾ, "ਲੈ ਭਾਈ ਦੁਨੀ ਚੰਦ ! ਇਹ ਸੂਈ, ਸਾਡੀ ਅਮਾਨਤ ਆਪਣੇ ਪਾਸ ਰਖ ਲੈ। ਅਸੀਂ ਅਗਲੇ ਲੋਕ ਜਾ ਕੇ ਲੈ ਲਵਾਂਗੇ।"

ਭਾਈ ਦੁਨੀ ਚੰਦ ਨੇ ਸਤਿ ਬਚਨ ਕਿਹਾ ਅਤੇ ਸੂਈ ਲੈ ਕੇ ਆਪਣੀ ਪਤਨੀ ਪਾਸ ਆ ਗਿਆ। ਉਸ ਨੂੰ ਸਤਿਗੁਰਾਂ ਦਾ ਹੁਕਮ ਸੁਣਾਇਆ।

ਬੀਬੀ ਭਾਗਵੰਤੀ ਜਾਣ ਚੁਕੀ ਸੀ ਕਿ ਗੁਰੂ ਸਾਹਿਬ ਜੋ ਵੀ ਗੱਲ ਕਰਦੇ ਹਨ, ਸਾਡੇ ਭਲੇ ਲਈ ਕਰਦੇ ਹਨ। ਉਨ੍ਹਾਂ ਦੀ ਹਰ ਗੱਲ ਵਿਚ ਕੋਈ ਰਮਜ਼ ਹੁੰਦੀ ਹੈ। ਉਸ ਪਤੀ ਨੂੰ ਉੱਤਰ ਦਿੱਤਾ—"ਤੁਸੀਂ ਇਹ ਸੋਚੋ ਕਿ ਉਨ੍ਹਾਂ ਨੂੰ ਸੂਈ ਕਿਉਂ ਦੇਣੀ ਪਈ ? ਇਸ ਵਿਚ ਜ਼ਰੂਰ ਕੋਈ ਭੇਦ ਛੁਪਿਆ ਹੋਇਆ ਹੈ। ਉਨ੍ਹਾਂ ਨੂੰ ਜਾ ਕੇ ਬਿਨੈ ਕਰੋ ਕਿ ਅਗਲੇ ਲੋਕ ਤਾਂ ਨਾਲ ਕੁਝ ਵੀ ਨਹੀਂ ਜਾਂਦਾ, ਸਗੋਂ ਇਹ ਸਰੀਰ ਵੀ ਇਥੇ ਹੀ ਰਹਿ ਜਾਂਦਾ ਹੈ। ਫਿਰ ਇਹ ਸੂਈ ਕੀਕੂੰ ਨਾਲ ਜਾਏਗੀ ? ਅਤੇ ਤੁਹਾਡੀ ਅਮਾਨਤ ਅਸੀਂ ਕਿਵੇਂ ਵਾਪਸ ਕਰਾਂਗੇ ?"

ਭਾਈ ਦੁਨੀ ਚੰਦ ਦੀ ਅਗਿਆਨਤਾ ਦੀ ਨੀਂਦ ਉਘੜੀ ਅਤੇ ਸਤਿਗੁਰਾਂ ਪਾਸ ਜਾ ਅਰਜ਼ ਕੀਤੀ, "ਇਸ ਦੁਨੀਆ ਵਿਚੋਂ ਤਾਂ ਅੰਤ ਵੇਲੇ ਕੁਝ ਵੀ ਨਾਲ ਨਹੀਂ ਜਾ ਸਕਣਾ, ਫਿਰ ਮੈਂ ਇਹ ਸੂਈ ਕਿਵੇਂ ਨਾਲ ਲਿਜਾ ਸਕਾਂਗਾ !"

ਗੁਰੂ ਸਾਹਿਬ ਮੁਸਕਰਾਏ ਅਤੇ ਕਿਹਾ—"ਦੁਨੀ



www.AKJ.Org

ਚੰਦ ! ਜੇ ਇੱਕ ਨਿੱਕੀ ਜਿਹੀ ਸੂਈ ਨਾਲ ਨਹੀਂ ਜਾ ਸਕਦੀ ਤਾਂ ਇਹ ਲੱਖਾਂ ਦੀ ਦੌਲਤ ਕਿਵੇਂ ਨਾਲ ਜਾਏਗੀ ?'' ਭਾਈ ਦੁਨੀ ਚੰਦ ਡੌਰ ਭੌਰਾ ਹੋ ਗਿਆ। ਗੁਰੂ ਸਾਹਿਬ ਦੇ ਚਰਨਾਂ ਨਾਲ ਲਿਪਟ ਗਿਆ। ''ਦਾਤਾ ! ਬਖਸ਼ ਲੈ ! ਮੈਂ ਭੁਲਾ ! ਜਿਵੇਂ ਆਖਸੋ, ਕਰਸਾਂ। ਤੁਹਾਡੇ ਹੁਕਮ ਵਿਚ ਮੈਂ ਆਪਣੀ ਸਾਰੀ ਦੌਲਤ ਨਿਛਾਵਰ ਕਰ ਦਿਆਂਗਾ।''

ਗੁਰੂ ਸਾਹਿਬਾਂ ਕਿਹਾ ਕਿ ਆਪਣੀ ਪਤਨੀ ਤੋਂ ਤਾਂ ਪੁਛ ਲੈ। ਕੀ ਉਹ ਸਾਰਾ ਧਨ ਪਦਾਰਥ ਨਿਛਾਵਰ ਕਰਨ ਵਿਚ ਕੋਈ ਰੁਕਾਵਟ ਤਾਂ ਨਹੀਂ ਪਾਏਗੀ ?

ਇੰਨੇ ਨੂੰ ਬੀਬੀ ਭਾਗਵੰਤੀ ਵੀ ਉਥੇ ਪੁਜ ਗਈ। ਉਸ ਨੇ ਗੁਰੂ ਸਾਹਿਬ ਦੇ ਆਖ਼ਰੀ ਬਚਨ ਸੁਣ ਲਏ ਸਨ। ਚਰਨਾਂ ਤੇ ਸਿਰ ਰੱਖਦੇ ਹੋਏ ਉਸ ਕਿਹਾ— ''ਦਾਤਾ ! ਜੇ ਏਡੇ ਵੱਡੇ ਇਮਤਿਹਾਨ 'ਚ ਪਾਇਆ ਜੇ ਤਾਂ ਤੁਹਾਡੀ ਕਿਰਪਾ ਨਾਲ ਜ਼ਰੂਰ ਪਾਸ ਹੋਵਾਂਗੇ। ਜਿਥੇ ਮੈਂ ਧਨ ਧਾਮ ਤੇ ਸੁਖ ਅਰਾਮ ਦੇ ਦਿਨ ਦੇਖ ਹਨ, ਉਥੇ ਫ਼ਕੀਰਨੀ ਬਣ ਕੇ ਵੀ ਦਿਨ ਕਟ ਲਵਾਂਗੀ, ਤੁਹਾਡੀ ਅਤੇ ਪਤੀ ਜੀ ਦੀ ਖੁਸ਼ੀ ਹੀ ਮੇਰਾ ਜੀਵਨ ਹੈ। ਜੇ ਲੱਖਾਂ ਦੀ ਦੌਲਤ ਦੇ ਕੇ ਆਪ ਦੀ ਬਖ਼ਸ਼ਸ਼ ਪ੍ਰਾਪਤ ਹੋ ਜਾਏ ਤਾਂ ਸਾਡੇ ਧੰਨ ਭਾਗ।''

ਗੁਰੂ ਸਾਹਿਬ ਗਦ ਗਦ ਹੋ ਗਏ ਅਤੇ ਉਸ ਦੇ ਸੀਸ ਤੇ ਹੱਥ ਰਖ ਕੇ ਅਸੀਸ ਦਿਤੀ।

ਭਾਈ ਦੁਨੀ ਚੰਦ ਨੇ ਗੁਰੂ ਸਾਹਿਬ ਦੇ ਹੁਕਮ ਮੂਜਬ ਆਪਣੀ ਸਾਰੀ ਦੌਲਤ ਲੋੜਵੰਦਾਂ ਤੇ ਮੁਹਤਾਜਾਂ ਵਿਚ ਵੰਡ ਦਿੱਤੀ ਅਤੇ ਦਸਾਂ ਨਹੁੰਆਂ ਦੀ ਕਿਰਤ ਵਲ ਧਿਆਨ ਦਿੱਤਾ।

ਗੁਰੂ ਸਾਹਿਬ ਨੇ ਜਦੋਂ ਦੇਖਿਆ ਕਿ ਇਹ ਜੋੜੀ ਹੁਣ ਕੁੰਦਨ ਹੋ ਗਈ ਹੈ ਅਤੇ ਸਿੱਖੀ ਦੇ ਬਹੁਤ ਵੱਡੇ ਇਮਤਿਹਾਨ ਵਿਚੋਂ ਪਾਸ ਹੋ ਗਈ ਹੈ ਤਾਂ ਫਿਰ ਉਨ੍ਹਾਂ ਬੀਬੀ ਭਾਗਵੰਤੀ ਨੂੰ ਆਪਣੇ ਕੋਲ ਬੁਲਾਇਆ ਅਤੇ ਫ਼ੁਰਮਾਇਆ, ''ਬੇਟੀ ! ਆਪ ਦਾ ਧੰਨ ਜਨਮ, ਆਪ ਦੀ ਕਮਾਈ ਸਫਲੀ ! ਬੇਟੀ ! ਹੁਣ ਸਾਡਾ, ਤੁਹਾਡੇ ਘਰੋਂ ਪ੍ਰਸ਼ਾਦਾ ਛਕਣ ਦਾ ਸਮਾਂ ਆ ਗਿਆ ਹੈ। ਹੁਣ ਤੁਹਾਡੀ ਕਮਾਈ ਸੁੱਚੀ ਹੋ ਗਈ, ਇਸ ਵਿਚ ਕੋਈ ਬੇਈਮਾਨੀ ਦਾ ਅੰਸ਼ ਨਹੀਂ ਰਿਹਾ। ਜਾਓ ਤੇ ਪ੍ਰਸ਼ਾਦਾ ਤਿਆਰ ਕਰੋ।''

ਬੀਬੀ ਭਾਗਵੰਤੀ ਅੱਜ ਖ਼ੁਸ਼ੀ ਵਿਚ ਫੁਲੀ ਨਹੀਂ ਸੀ ਸਮਾ ਰਹੀ। ਉਸ ਨੇ ਬੜੇ ਪਿਆਰ ਸਤਿਕਾਰ ਸਹਿਤ ਪ੍ਰਸ਼ਾਦਾ ਤਿਆਰ ਕੀਤਾ ਅਤੇ ਨਿਮਰੀ-ਭੂਤ ਹੋ ਕੇ ਗੁਰੂ ਸਾਹਿਬ ਅਗੇ ਲਿਆ ਰਖਿਆ। ਗੁਰੂ ਸਾਹਿਬ ਨੇ ਉਸ ਪ੍ਰਸ਼ਾਦੇ ਵਿਚੋਂ ਕੁਝ ਭਾਈ ਦੁਨੀ ਚੰਦ ਨੂੰ ਦਿੱਤਾ, ਕੁਝ ਬੀਬੀ ਨੂੰ ਖਾਣ ਲਈ ਕਿਹਾ, ਕੁਝ ਭਾਈ ਮਰਦਾਨੇ ਨੂੰ ਸੌਂਪਿਆ ਅਤੇ ਕੁਝ ਆਪ ਛਕਿਆ।

ਸਤਿਗੁਰੂ ਤਾਂ ਭਾਈ ਮਰਦਾਨੇ ਸਮੇਤ ਇਸ ਸੁਭਾਗ ਜੋੜੀ ਨੂੰ 'ਸਿੱਖੀ' ਦਾਨ ਦੇ ਕੇ ਹੋਰ ਧਰਤੀ ਨੂੰ ਸੋਧਣ ਚਲੇ ਗਏ, ਪਿਛੋਂ ਭਾਈ ਦੁਨੀ ਚੰਦ ਅਤੇ ਬੀਬੀ ਭਾਗਵੰਤੀ ਨੇ ਆਪਣੇ ਫ਼ਰਜ਼ ਖ਼ੂਬ ਨਿਭਾਏ, ਜਨਮ ਸਾਖੀ ਦਾ ਕਰਤਾ ਲਿਖਦਾ ਹੈ ਕਿ ਇਸਤ੍ਰੀ ਭਰਤਾ ਦੋਨੋਂ ਗੁਰੂ ਜੀ ਕੇ ਸਿਖ ਹੋਏ। ਲਗੇ ਗੁਰੂ ਗੁਰੂ ਜਪਣ। ਸਤਸੰਗ ਕਰਦੇ ਰਹਿਣ। ਆਏ ਸੰਤ ਦੀ ਛਾਦਨ ਭੋਜਨ ਦੀ ਸੇਵਾ ਕਰਨ। ਸ੍ਰੀ ਵਾਹਿਗੁਰੂ ਜਪਣ ਤੇ ਨਿਹਾਲ ਹੋਏ।

ਇਸ ਸੁਭਾਗ ਜੋੜੀ ਨੂੰ ਗੁਰੂ ਨਾਨਕ ਦੇਵ ਜੀ ਨਾਲ ਇਤਨਾ ਪਿਆਰ ਤੇ ਲਗਾਉ ਹੋ ਚੁਕਾ ਸੀ ਕਿ ਜਦੋਂ ਗੁਰੂ ਨਾਨਕ ਦੇਵ ਜੀ ਸੰਨ ੧੫੩੯ ਈਸਵੀ ਵਿਚ ਜੋਤੀ ਜੋਤਿ ਸਮਾਏ ਤਾਂ ਬਹੁਤ ਵੈਰਾਗ ਹੋਇਆ। ਕਈ ਦਿਨਾਂ ਤਕ ਹੋਸ਼ ਨਹੀਂ ਸੀ ਆਈ। ਫਿਰ ਜਦੋਂ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਆਪਣੀ ਜੋਤਿ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਵਿਚ ਪ੍ਰਕਾਸ਼ਮਾਨ ਕਰ ਗਏ ਹਨ ਤਾਂ ਦਿਲ ਨੂੰ ਕੁਝ ਢਾਰਸ ਆਈ ਕਿ ਚਲੋ, ਉਨ੍ਹਾਂ ਦੇ ਦੂਜੇ ਸਰੂਪ ਦੇ ਦਰਸ਼ਨ ਤਾਂ ਕਰ ਸਕਾਂਗੇ।

ਫਿਰ ਇਹ ਜੋੜੀ, ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਪੁਜੀ ਅਤੇ ਦਰਸ਼ਨ ਕਰ ਕੇ ਉਹੋ ਰਸ ਮਾਣਿਆ ਜੋ ਕਦੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਤੋਂ ਪ੍ਰਾਪਤ ਹੋਇਆ ਸੀ।

—o—



www.AKJ.Org

# ਅਬਿਨਾਸ਼ੀ ਸੁਖ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ, ਗੁੜਗਾਉਂ]

ਇਸ ਸੰਸਾਰ ਵਿਚ ਮਨੁੱਖ ਨੂੰ ਜਨਮ ਸਮੇਂ ਤੋਂ ਲੈ ਕੇ ਅੰਤਮ ਸਮੇਂ ਤਕ ਸੁਖ-ਪਰਾਪਤੀ ਦੀ ਇੱਛਾ-ਲਗਨ ਲਗੀ ਰਹਿੰਦੀ ਹੈ। ਅਰੰਭ ਵਿਚ ਇਹੋ ਆਸ਼ਾ ਸੂਖਮ ਰੂਪ ਵਿਚ ਹੁੰਦੀ ਹੈ, ਜਿਵੇਂ ਮਾਂ ਦਾ ਦੁਧ ਪੀਣ ਲਈ ਹਿਰਸ, ਮਨ ਨੂੰ ਖੁਸ਼ ਰਖਣ ਲਈ ਖਿਡੋਣਿਆਂ ਦਾ ਚਾਉ, ਹਾਣੀਆਂ ਨਾਲ ਮਿਲ ਕੇ ਭਾਂਤ ਭਾਂਤ ਦੇ ਨਜ਼ਾਰੇ ਤਕਣੇ, ਖੇਡਾਂ ਖੇਡਣੀਆਂ ਆਦਿ। ਇਹ ਸਾਰਾ ਕੁਝ ਮਨ ਦੀ ਪ੍ਰਸੰਨਤਾ ਲਈ ਹੁੰਦਾ ਹੈ, ਜੋ ਦੂਜੇ ਸ਼ਬਦਾਂ ਵਿਚ ਸੁਖ ਪ੍ਰਾਪਤੀ ਹੀ ਹੈ। ਤਰੁਨ ਅਵਸਥਾ ਵਿਚ ਚੰਗੇ ਪਦਾਰਥ ਖਾਣੇ, ਭੋਗ ਵਿਲਾਸ ਦੀ ਰੁਚੀ ਤੇ ਨਾਲ ਨਾਲ ਮਾਇਆ ਇਕੱਤਰ ਕਰਨ ਦੀ ਲਾਲਸਾ, ਜੋ ਬਿਧ ਅਵਸਥਾ ਤਕ ਹੀ ਨਹੀਂ ਸਗੋਂ ਅੰਤਮ ਸੁਆਸਾਂ ਤਕ ਖਹਿੜਾ ਨਹੀਂ ਛਡਦੀ। ਸਾਰੀ ਆਯੂ ਮਨੁੱਖ ਇਸ ਤਰ੍ਹਾਂ ਸੁਖਾਂ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਲਗਾ ਰਹਿੰਦਾ ਹੈ, ਪਰ ਇਸ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਨਹੀਂ, ਸਗੋਂ ਦੁਖ ਸਹੇੜ ਲੈਂਦਾ ਹੈ। ਇਹ ਜਿਤਨੇ ਵੀ ਜਤਨ ਸੁਖ-ਪ੍ਰਾਪਤੀ ਲਈ ਕਰਦਾ ਹੈ ਉਨ੍ਹਾਂ ਵਿਚ ਦੁਖ ਛੁਪੇ ਹੁੰਦੇ ਹਨ। ਜਿਹਾ ਕਿ ਹੁਕਮ ਹੈ—

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥ [ਮਾਰੂ ਮ: ੧, ੧੦੩੪

ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥

[ਗਉੜੀ ਗੁਆਰੇਰੀ ਮ: ੧, ੨੨੨

ਸੁਖਹੁ ਉਠੇ ਰੋਗ ਪਾਪ ਕਮਾਂਇਆ ॥

[ਮਾਝ ਵਾਰ ਮ: ੧, ੧੩੯

ਇਸ ਦੀ ਤ੍ਰਿਸ਼ਨਾ-ਅਗਨਿ ਬੁਝਦੀ ਹੀ ਨਹੀਂ—

ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ...

[ਸਹਸਕ੍ਰਿਤੀ ਮ: ੫, ੧੩੬੦

ਸਗੋਂ ਜਿਉਂ ਜਿਉਂ ਲਾਲਸਾ ਵਧਦੀ ਹੈ ਤਿਉਂ ਤਿਉਂ ਦੁਖਾਂ ਦਾ ਪਸਾਰਾ ਵੀ ਚੌੜਾ ਹੁੰਦਾ ਚਲਾ ਜਾਂਦਾ ਹੈ। ਆਤਮਕ ਸੁਖ ਤਾਂ ਇਕ ਪਾਸੇ ਰਿਹਾ, ਇਸ ਨੂੰ ਸਰੀਰਕ ਸੁਖ ਵੀ ਨਹੀਂ ਮਿਲਦੇ। ਇਹ ਅਟੱਲ ਸਚਾਈ ਹੈ ਕਿ ਮਨੁਖ ਕਿਤਨਾ ਹੀ ਧਨ ਦਰਬ ਇਕੱਤਰ ਕਰ ਲਵੇ, ਭੰਡਾਰੇ ਭਰ ਲਵੇ, ਕਿਤਨੀਆਂ ਰੰਗ-ਰਲੀਆਂ ਮਾਣ ਲਵੇ, ਇਸ ਦੀ ਤ੍ਰਿਸ਼ਨਾ ਨਹੀਂ ਬੁਝਦੀ। ਫ਼ੁਰਮਾਨ ਹੈ—

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ ਰਾਜਾ ਰਾਜਿ ਨ ਤ੍ਰਿਪਤਿਆ ਸਾਇਰੁ ਭਰੇ ਕਿ ਸੁਕ ॥ [ਮਾਝ ਵਾਰ ਮ: ੧, ੧੪੮

ਸਗੋਂ—ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥ [ਗਉੜੀ ਮ: ੫, ੨੧੩

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥

[ਗਉ: ਸੁਖ: ਮ: ੫, ੨੭੯

ਜਦ ਤਕ ਇਹ ਤ੍ਰਿਸ਼ਨਾ ਨਹੀਂ ਬੁਝਦੀ, ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥ ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥ [ਭੈਰਉ ਮ: ੫, ੧੧੪੭

ਗੁਰਮਤਿ-ਦ੍ਰਿਸ਼ਟੀਕੋਣ ਤੋਂ ਮਨੁੱਖ ਜਦ ਤਕ ਆਸਾ ਤ੍ਰਿਸ਼ਨਾ ਤੇ ਕਾਬੂ ਨਹੀਂ ਪਾਂਦਾ ਤਦ ਤਕ ਆਤਮਕ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਆਸਾ ਤ੍ਰਿਸ਼ਨਾ ਦੇ ਵਧਦੇ ਵੇਗ ਨੂੰ ਠਲ੍ਹ ਪਾਉਣ ਦਾ ਵਸੀਲਾ ਇਹੋ ਹੈ ਕਿ ਘਾਲ ਕਮਾਈ, ਸਿਮਰਨ ਸੇਵਾ ਤੇ ਭਗਤੀ ਭਾਉ ਵਾਲੇ ਅਮਲੀ ਜੀਵਨ ਵਾਲੇ ਗੁਰਸਿਖਾਂ ਦੀ ਸੰਗਤ ਵਿਚ ਜੁੜੇ ਅਤੇ ਸਿਮਰਨ ਸੇਵਾ ਪਰਉਪਕਾਰ ਆਦਿ ਦੈਵੀ ਗੁਣ ਧਾਰਨ ਕਰੇ, ਅਨਕ ਪ੍ਰਕਾਰੀ ਪਦਾਰਥਾਂ ਵਲ ਧਾਂਵਦੇ ਮਨ ਤੇ ਕਾਬੂ ਪਾਵੇ ਤਾਂ ਹੀ ਇਸ ਨੂੰ ਆਤਮਕ ਆਨੰਦ, ਜਿਸ ਨੂੰ ਗੁਰਬਾਣੀ ਵਿਚ ਖੇੜਾ, ਵਿਗਾਸ, ਸਹਿਜ ਵਰਨਨ



www.AKJ.Org

ਕੀਤਾ ਗਿਆ ਹੈ, ਪ੍ਰਾਪਤ ਹੋ ਸਕਦਾ ਹੈ, ਜੋ ਅਬਿਨਾਸ਼ੀ ਸੁਖ ਦਾ ਮੂਲ ਕਾਰਨ ਹਨ।

ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥ [ਸੁਖਮਨੀ, ੨੯੮

ਜੀਵਨ ਕਣੀ ਵਾਲੇ, ਗੁਰਬਾਣੀ ਗੁਰ ਉਪਦੇਸ਼ ਦੁਆਰਾ ਜੀਂਦਾ ਜੀਵਨ ਜੀਣ ਵਾਲੇ ਜੋਤਿ ਜਗੰਨੇ ਗੁਰਮੁਖ ਜਨਾਂ ਦੀ ਸੰਗਤ ਵਿਚ ਹੀ ਮਨ ਦੀ ਤ੍ਰਿਸ਼ਨਾ ਮਿਟਦੀ ਹੈ ਅਤੇ ਨਾਮ ਸਿਮਰਨ ਨਾਲ ਪਰਚਾ ਪੈਂਦਾ ਹੈ। ਬਿਨਾਂ ਹਰਿ-ਭਗਤੀ ਸਿਮਰਨ ਦੇ ਦੁਖ ਨਵਿਰਤ ਨਹੀਂ ਹੋ ਸਕਦੇ। ਯਥਾ ਗੁਰਵਾਕ—

ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿਨਾਮ ਕਹਾ ਸੁਖੁ ਪਾਵਉ ॥ [ਗਉੜੀ ਮ: ੧, ੨੨੫

ਡਿਠਾ ਸਭ ਸੰਸਾਰੁ ਸੁਖੁ ਨ ਨਾਮ ਬਿਨੁ ॥ [ਗਉੜੀ ਵਾਰ ਮ: ੫, ੩੨੨

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ [ਗਉੜੀ ਮ: ੫, ੨੧੦

ਨਾ ਹੀ ਜੰਮਣ ਮਰਨ ਆਵਾ ਗਉਣ ਦਾ ਚਕਰ ਮੁਕਦਾ ਹੈ—

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥ ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥ ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ [ਜੈਤ: ਵਾਰ ਮ: ੫, ੭੦੭

ਗੁਰਦੇਵ ਜੀ ਗੁਰਬਾਣੀ ਦੁਆਰਾ ਦ੍ਰਿੜ੍ਹ ਕਰਵਾਂਦੇ ਹਨ ਕਿ ਐ ਮਨੁੱਖ ! ਜੇ ਤੂੰ ਸੁਖਾਂ ਦਾ ਚਾਹਵਾਨ ਹੈਂ ਤਾਂ ਸਦਾ ਹੀ ਵਾਹਿਗੁਰੂ ਜੀ ਦੀ ਸਿਫਤ-ਸਾਲਾਹ ਵਿਚ ਲਗਾ ਰਹੁ।

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥ [ਆਸਾ ਵਾਰ ਮ: ੧, ੪੭੪

ਉਸ ਦੀ ਸ਼ਰਨ ਪਿਆਂ ਹੀ ਅਬਿਨਾਸ਼ੀ ਸੁਖ ਪ੍ਰਾਪਤ ਹੋਵੇਗਾ।

ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥ [ਟੋਡੀ ਮ: ੫, ੭੧੪

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹੁ ॥ [ਸਲੋਕ ਮ: ੯, ੧੪੨੭

ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥ ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥ [ਸੋਰਠ ਮ: ੫, ੬੩੦

ਗੁਰ-ਉਪਦੇਸ਼ ਕਮਾਈ ਵਿਚ ਹੀ ਅਬਿਨਾਸ਼ੀ ਸੁਖ ਦੀ ਪ੍ਰਾਪਤੀ ਹੈ—

ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥ [ਗਉੜੀ ਮ: ੫, ੧੭੮

ਜਿਸ ਗੁਰਮੁਖ ਦੀ ਘਾਲ ਕਮਾਈ ਪ੍ਰੇਮਾ ਭਗਤੀ ਗੁਰੂ ਦਰ ਪ੍ਰਵਾਨ ਹੋ ਜਾਂਦੀ ਹੈ ਉਸਨੂੰ ਨਿਰੰਕਾਰ ਵਲੋਂ 'ਸਹਿਜ' ਜੀ ਬਖ਼ਸ਼ਸ਼ ਹੁੰਦੀ ਹੈ ਤੇ ਉਹ ਆਤਮਕ ਸੁਖ ਪਾ ਕੇ ਤ੍ਰਿਸ਼ਨਾ ਰਹਿਤ ਹੋ ਜਾਂਦਾ ਹੈ। ਉਸਨੂੰ ਕਿਸੇ ਰਾਜ ਤਾਜ ਐਸ਼੍ਵਰਜ ਦੀ ਚਾਹ ਨਹੀਂ ਰਹਿੰਦੀ। ਭਾਈ ਨੰਦ ਲਾਲ ਜੀ 'ਗੋਯਾ' ਨੇ ਉਸ ਦੀ ਉਚ ਅਵਸਥਾ ਵਰਨਨ ਕੀਤੀ ਹੈ—

ਗਦਾਏ ਕੂਏ ਤੁਰਾ ਮਹਿਲ ਬਾਦਸ਼ਾਹੀ ਨੇਸਤ।
ਹਵਾਏ ਸਲਤਨਤੋ ਕਜ ਕੁਲਾਹੀ ਨੇਸਤ।

(ਉਲਥਾ) ਰਾਜ ਤਾਜ ਦੀ ਲੋੜ ਨਹੀਂ ਤੇਰੇ ਕੂਚੇ ਦੇ ਭਿਖਿਆਰੀ ਨੂੰ। ਤਖ਼ਤ ਤਾਜ ਵਲ ਮੂਲ ਨ ਵੇਖੇ ਕੀ ਕਰਸੀ ਦੁਨੀਆਦਾਰੀ ਨੂੰ।

---


## ਪੰਡੋਰੀ (ਇਲਾਕਾ ਦਸੂਹਾ) ਵਿਖੇ ਰੈਣ-ਸਬਾਈ ਕੀਰਤਨ

ਸਰਬਤ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਦਾਸ ਦੇ ਗ੍ਰਿਹਿ ਵਿਖੇ ੧੪ ਫਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨਾਂ ਦੀ ਦਾਤ ਬਖਸ਼ੋ ਜੀ।

**ਦਾਸ—ਕਰਮ ਸਿੰਘ ਪੰਡੋਰੀ, ਇਲਾਕਾ ਦਸੂਹਾ (ਹੁਸ਼ਿਆਰਪੁਰ) (ਦਸੂਹਾ ਤੋਂ ਮਿਆਣੀ ਰੋਡ ਤੇ ਦੋ ਮੀਲ ਤੇ ਪੰਡੋਰੀ ਹੈ)**




www.AKJ.Org

# ਮਨਮੁਖਤਾ ਦੀ ਸੁਧਾਈ

ਗੁਰਦੁਆਰਾ ਕਲਗੀਧਰ ਸਿੰਘ ਸਭਾ ਲੁਧਿਆਣਾ ਦੀ ਸੰਗਤ ਵਲੋਂ ਇਕ ਇਸ਼ਤਿਹਾਰ "ਖ਼ਾਲਸਾ ਜੀ ਜਾਗੋ" ਦੇ ਨਾਂ ਹੇਠ ਛਪਿਆ ਹੋਇਆ ਸਾਨੂੰ ਮਿਲਿਆ ਅਤੇ ਨਾਲ ਹੀ ਸੰਬੰਧਤ ਸਮਾਚਾਰ ਵੀ।

ਗੱਲ ਇਉਂ ਵਾਪਰੀ ਕਿ ਇਸ ਸਿੰਘ ਸਭਾ ਦੇ ਪਰਧਾਨ ਨੇ ਆਪ-ਹੁਦਰੀ ਮਨਮਤ ਵਰਤਾਈ ਕਿ ਉਸਨੇ ਆਪਣੀ ਲੜਕੀ ਦਾ ਰਿਸ਼ਤਾ ਕਿਸੇ ਪਤਿਤ ਨੌਜਵਾਨ ਨਾਲ ਕਰ ਦਿਤਾ। ਸੰਗਤਾਂ ਨੇ ਇਸ ਗੱਲ ਤੇ ਬੜਾ ਰੋਸ ਪਰਗਟ ਕੀਤਾ। ਅਨੰਦ ਸਮੇਂ ਗੁਰ-ਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਨੇ ਅਨੰਦ ਪੜ੍ਹਾਉਣ ਤੋਂ ਨਾਂਹ ਕਰ ਦਿਤੀ ਤਾਂ ਉਸ ਪਰਧਾਨ ਨੇ ਦਸਿਆ ਕਿ ਲੜਕੇ ਤੇ ਲੜਕੀ ਨੂੰ ਅੰਮ੍ਰਿਤ ਪਾਨ ਕਰਾ ਲਿਆ ਹੈ। ਪਰ ਪਿਛੋਂ ਪਤਾ ਲਗਾ ਕਿ ਉਸ ਨੇ ਕਿਸੇ ਭਾੜੇ ਦੇ ਅਖੰਡਪਾਠੀ ਨੂੰ ਇਕੋਤਰ ਸੌ ਰੁਪਏ ਦਾ ਭਾੜਾ ਪਾ ਕੇ, ਇਕੱਲੇ ਪਾਸੋਂ ਹੀ ਅੰਮ੍ਰਿਤ ਛਕਾਉਣ ਦਾ ਠਾਠਾ ਬਾਗਾ ਰਚਾ ਲਿਆ।

ਇਹ ਅਸਲੀਅਤ ਜਦੋਂ ਸੰਗਤਾਂ ਵਿਚ ਉਘੜੀ ਤਾਂ ਸੰਗਤਾਂ ਡਾਢੇ ਜੋਸ਼ ਵਿਚ ਆ ਗਈਆਂ ਕਿ ਇਸ ਪਰਧਾਨ ਨੇ ਇਕ ਪਾਸੇ ਤਾਂ ਇਕ ਪਤਿਤ ਨਾਲ ਆਪਣੀ ਲੜਕੀ ਵਿਆਹ ਦਿਤੀ ਤੇ ਦੂਜੇ ਪਾਸੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਨ ਦੀ ਥਾਂ ਇਕ ਇਕੱਲੇ ਦਾ ਢਕਵੰਜ ਰਚ ਕੇ ਗੁਰਮਤਿ ਮਰਯਾਦਾ ਦਾ ਸਖ਼ਤ ਅਪਮਾਨ ਕੀਤਾ ਹੈ ਅਤੇ ਅਨੰਦ ਕਰਾਉਣ ਲਈ ਝੂਠਾ ਢੋਂਗ ਬਣਾ ਕੇ ਸੰਗਤਾਂ ਨੂੰ ਧੋਖਾ ਦਿਤਾ ਹੈ।

ਸੰਗਤਾਂ ਨੇ ਵਾਵੇਲਾ ਕੀਤਾ ਅਤੇ ਇਕੱਠ ਕਰ ਕੇ ਉਸ ਤੋਂ ਅਸਤੀਫ਼ਾ ਮੰਗਿਆ। ਉਸ ਪਰਧਾਨ ਨੇ ਬਥੇਰੇ ਟਾਲ ਮਟੋਲੇ ਕੀਤੇ ਤੇ ਅੜਿਚਣਾਂ ਡਾਹੀਆਂ, ਪਰ ਸੰਗਤਾਂ ਦੇ ਜੋਸ਼ ਸਾਹਮਣੇ ਉਸ ਦੀ ਕੋਈ ਪੇਸ਼ ਨਾ ਗਈ। ਆਖ਼ਰ ਸੰਗਤਾਂ ਨੇ ਉਸ ਨੂੰ ਪਰਧਾਨਗੀ ਤੋਂ ਵਖ ਕਰ ਕੇ ਇਕ ਰਹਿਤਵਾਨ ਸਿੰਘ ਨੂੰ ਪਰਧਾਨ ਥਾਪ ਦਿਤਾ। ਨਵੇਂ ਪਰਧਾਨ ਨੇ ਇਹ ਐਲਾਨ ਕੀਤਾ ਕਿ ਕਮੇਟੀ ਦੇ ਸਾਰੇ ਮੈਂਬਰ ਤੇ ਅਹੁਦੇਦਾਰ ਅੰਮ੍ਰਿਤ-ਧਾਰੀ ਸਿੰਘ ਹੀ ਲਏ ਜਾਣਗੇ।

ਲੁਧਿਆਣੇ ਦੀਆਂ ਸੰਗਤਾਂ ਦਾ ਇਹ ਕਦਮ ਬਹੁਤ ਹੀ ਸ਼ਲਾਘਾ ਯੋਗ ਹੈ। ਅਸੀਂ ਸਭ ਸੰਗਤਾਂ ਨੂੰ ਬਿਨੈ ਕਰਦੇ ਹਾਂ ਕਿ ਉਹ ਆਪੋ ਆਪਣੀਆਂ ਗੁਰ-ਦੁਆਰਾ ਕਮੇਟੀਆਂ ਦੀ ਇਸੇ ਤਰ੍ਹਾਂ ਹੀ ਸੋਧ ਸੁਧਾਈ ਕਰਨ ਅਤੇ ਕੇਵਲ ਅੰਮ੍ਰਿਤਧਾਰੀ, ਰਹਿਤਵਾਨ, ਸਤੇ ਸੁਚੇ ਤੇ ਨਿਰਪਾਣ ਸਿੰਘਾਂ ਨੂੰ ਹੀ ਗੁਰਦੁਆਰਾ ਕਮੇਟੀਆਂ ਦੀਆਂ ਸੇਵਾਵਾਂ ਲਈ ਚੁਣਨ। ਸ਼ਰਾਬੀ ਕਬਾਬੀ ਧਨਾਢਾਂ ਤੇ ਧੜੇਬਾਜ਼ਾਂ ਨੂੰ ਕਮੇਟੀਆਂ ਦੇ ਲਾਗੇ ਨਾ ਲਗਣ ਦੇਣ, ਤਦ ਹੀ ਸਹੀ ਅਰਥਾਂ ਵਿਚ ਸੁਧਾਰ ਹੋ ਸਕਦਾ ਹੈ ਤੇ ਸਿੱਖੀ ਪਰਫੁਲਤ ਹੋ ਸਕਦੀ ਹੈ।

---

# ਪਿੰਡਾਂ ਵਿੱਚ ਕੀਰਤਨ ਪਰਚਾਰ

ਅਖੰਡ ਕੀਰਤਨੀ ਜੱਥਾ ਪਿੰਡ ਮੰਨਣ ਜ਼ਿਲਾ ਜਲੰਧਰ ਦੇ ਸਿੰਘਾਂ ਨੇ ਆਪਣੇ ਇਰਦੇ ਗਿਰਦੇ ਦੇ ੧੫ ਪਿੰਡਾਂ ਵਿਚ ੧੦ ਤੋਂ ੨੪ ਜਨਵਰੀ ਤਕ ਦੇ ਸ਼ਾਮ ਦੇ ਕੀਰਤਨ-ਪ੍ਰੋਗਰਾਮ ਕੀਤੇ ਹਨ ਅਤੇ ਵਡਾ ਸਮਾਗਮ ਪੰਜ ਸ੍ਰੀ ਅਖੰਡਪਾਠਾਂ ਦੇ ਭੋਗ ਉਪਰੰਤ ੨੫ ਜਨਵਰੀ ਨੂੰ ਪਿੰਡ ਮੰਨਣ ਵਿਖੇ ਕੀਤਾ ਹੈ। ਦਿਨੇ ਕੀਰਤਨ ਦੇ ਅਤੁਟ ਪਰਵਾਹ, ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਏ ਹਨ, ਜਿਸ ਵਿਚ ਚੁਗਿਰਦੇ ਦੇ ਪਿੰਡ ਦੀਆਂ ਸੰਗਤਾਂ ਇਕੱਤਰ ਹੋਈਆਂ।

ਮੰਨਣ ਪਿੰਡ ਦੇ ਸਿੰਘਾਂ ਦਾ ਇਹ ਉਦਮ ਬਹੁਤ ਹੀ ਲਾਹੇਵੰਦ ਹੈ ਅਤੇ ਸਿਖੀ ਪਰਚਾਰ ਲਈ ਸਹੀ ਰੂਪ-ਰੇਖਾ ਹੈ। ਹੋਰ ਗੁਰਸਿਖਾਂ ਨੂੰ ਵੀ ਇਸੇ ਸੇਧ ਵਿਚ ਹੀ ਪ੍ਰੋਗਰਾਮ ਰਖ ਕੇ ਪਿੰਡਾਂ ਪਿੰਡਾਂ ਵਿਚ ਗੁਰਬਾਣੀ ਤੇ ਕੀਰਤਨ ਦੇ ਪਰਵਾਹ ਚਲਾਉਣੇ ਚਾਹੀਦੇ ਹਨ।

———



www.AKJ.Org

# ਮਿੱਠੀਆਂ ਯਾਦਾਂ

[ਵਲੋਂ—ਡਾਕਟਰ ਮੇਜਰ ਪ੍ਰਗਟ ਸਿੰਘ ਜੀ, ਖ਼ਾਨ ਮਾਰਕੀਟ, ਨਵੀਂ ਦਿਲੀ]

ਦਾਸ ਨੇ ਅੰਮ੍ਰਿਤ ਪਾਨ ਜਥੇ ਪਾਸੋਂ ੧੯੩੧ ਵਿਚ ਕੀਤਾ । ੧੯੨੭ ਤੋਂ ਨਿਵਾਸ ਰਾਵਲਪਿੰਡੀ ਸ਼ਹਿਰ (ਪਾਕਿਸਤਾਨ) ਸੀ। ੧੯੩੦ ਵਿਚ ਪਹਿਲੀ ਵਾਰੀ ਸ੍ਰੀ ਬਾਬੂ ਮਲ ਸਿੰਘ ਜੀ ਤੇ ਉਨ੍ਹਾਂ ਦੇ ਸਤ-ਸੰਗੀਆਂ ਨਾਲ ਮੇਲ ਹੋਇਆ । ਗੁਰਪੁਰ ਵਾਸੀ ਡਾਕਟਰ ਗੁਰਬਖ਼ਸ਼ ਸਿੰਘ ਜੀ ਸ੍ਰਕਾਰੀ ਡਾਕਟਰੀ ਦੀ ਸੇਵਾ ਰਾਵਲਪਿੰਡੀ ਸ਼ਹਿਰ ਕਰ ਰਹੇ ਸਨ। ਰਾਵਲ-ਪਿੰਡੀ ਨੂੰ ਇਹ ਸੁਭਾਗ ਸ੍ਰੀ ਬਾਬੂ ਜੀ ਅਰ ਡਾਕਟਰ ਸਾਹਿਬ ਦੀ ਮਿਤ੍ਰਤਾ ਕਰਕੇ ਹੋਇਆ । ਡਾਕਟਰ ਸਾਹਿਬ ਉਨ੍ਹਾਂ ਉਚ ਵਿਅਕਤੀਆਂ ਵਿਚੋਂ ਹਨ ਜਿਨ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੇਲ੍ਹ ਜਾਣ ਤੋਂ ਪਹਿਲਾਂ ਅੰਮ੍ਰਿਤ ਪਾਨ ਕੀਤਾ ਸੀ। ਸ੍ਰੀ ਬਾਬੂ ਜੀ ਕੁਝ ਸਾਥੀਆਂ ਸਮੇਤ ਗਰਮੀਆਂ ਦੀਆਂ ਛੁਟੀਆਂ ਵਿਚ ਬਖਸ਼ਸ਼ ਕਰਦੇ । ਖੁਲ੍ਹੇ ਕੀਰਤਨ ਅਖਾੜੇ ਰਚਦੇ। ਰੇਲ ਦਾ ਕਰਾਇਆ ਤਕ ਕਿਸੇ ਕੋਲੋਂ ਨ ਲੈਂਦੇ। ਰਾ: ਪਿੰਡੀ ਸੰਗਤ ਦੀ ਕੀਰਤਨ ਅਖਾੜਿਆਂ ਦਾ ਰੰਗ ਮਾਣਦੀ ਤੇ ਗਦ ਗਦ ਹੁੰਦੀ।

੧੯੩੦ ਵਿਚ ਜਥੇ ਦੀ ਸੇਵਾ ਗੁਰਪੁਰਵਾਸੀ ਸ: ਕਿਰਪਾਲ ਸਿੰਘ ਆਹਲੂਵਾਲੀਏ ਪਾਸ ਸੀ। ਉਨ੍ਹਾਂ ਦੇ ਪ੍ਰਵਾਰ ਤੇ ਡਾਕਟਰ ਸਾਹਿਬ ਦੇ ਪ੍ਰਵਾਰ ਨੇ ਇੰਤਜ਼ਾਮ ਕੰਪਨੀ ਬਾਗ (ਮਰੀ ਹਿਲਜ਼-ਪਾਕਿਸਤਾਨ) ਗਰਮੀਆਂ ਵਾਸਤੇ ਕੀਤਾ, ਜਥੇ ਦੇ ਸਿੰਘ ਵਾਪਸ ਜਾ ਚੁਕੇ ਸਨ। ਸ੍ਰੀ ਬਾਬੂ ਜੀ ਇਕ ਦੋ ਸਿੰਘਾਂ ਸਮੇਤ ਕੁਝ ਦਿਨ ਪਹਾੜ ਤੇ ਹੋਰ ਠਹਿਰ ਗਏ। ਕਿਰਪਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਦਾਸ ਨੇ ਇਕ ਰਾਤ ਤੇ ਦਿਨ ਪਹਾੜ ਤੇ ਗੁਜ਼ਾਰਿਆ । ਸਤਿਗੁਰੂ ਜੀ ਦੀ ਬਖ਼ਸ਼ਸ਼ ਸਦਕਾ ਮੈਂ ਜਦ ਪਹਾੜ ਤੋਂ ਹੇਠਾਂ ਆਵਣਾ ਸੀ, ਸ੍ਰੀ ਬਾਬੂ ਜੀ ਸਾਥੀਆਂ ਸਮੇਤ ਦਾਸਰੇ ਨੂੰ ਬਸ ਤੇ ਚੜ੍ਹਾਣ ਖ਼ਾਤਰ ਕਈ ਮੀਲ ਬਿਖੜਾ ਪਹਾੜੀ ਪੈਂਡਾ ਝਾਗ ਕੇ ਆਏ। ਇਹ ਪਹਿਲੀ ਵਾਰ ਦਾਸਰੇ ਨੂੰ ਪਤਾ ਲਗਾ ਜੋ ਸਤਿਗੁਰੂ ਦੇ ਸਿੰਘ ਖ਼ੁਸ਼ੀ ਦੇ ਘਰ ਵਿਚ ਆਵਣ ਤਾਂ ਗਲਵਕੜੀ ਪਾਣ ਦੀ ਬਖ਼ਸ਼ਸ਼ ਕਰਦੇ ਹਨ। ਜਦ ਸ੍ਰੀ ਬਾਬੂ ਜੀ ਘਰਾਂ ਨੂੰ ਚਾਲੇ ਪਾ ਰਹੇ ਸਨ, ਪਿੰਡੀ ਦੀ ਸੰਗਤ ਸਟੇਸ਼ਨ ਤੇ ਹਾਜ਼ਰੀਆਂ ਭਰ ਰਹੀ ਸੀ, ਦਾਸ ਵੀ ਹਾਜ਼ਰ ਸੀ। ਦਾਸ ਨੂੰ ਵੀ ਮੁੜ ਸੁਭਾਗ ਸ੍ਰੀ ਬਾਬੂ ਜੀ ਦੀ ਗਲਵਕੜੀ ਦਾ ਮਿਲਿਆ—ਕੀ ਆਖਾਂ—ਇਹ ਓਹੋ ਨਜ਼ਾਰਾ ਸੀ ਜੋ ਸਤਿਗੁਰੂ ਜੀਉ ਦਸਦੇ ਹਨ, "ਗੁਰਮੁਖ ਰੋਮਿ ਰੋਮਿ ਹਰਿ ਧਿਆਵੈ" ਦੇਖਾ ਹੀ ਪ੍ਰਵਾਨ ਹੈ !

੧੯੩੨ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸ੍ਰੀ ਪੰਜੇ ਸਾਹਿਬ ਗੁਰਦਵਾਰੇ ਦੇ ਨੀਂਹ ਪਥਰ ਰਖਣ-ਸਮਾਗਮ ਸਮੇਂ ਪੰਜਾਂ ਪਿਆਰਿਆਂ ਵਿਚ ਸਨ। ਰਸਤੇ ਵਿਚ ਪਿੰਡੀ ਨੂੰ ਵੀ ਭਾਗ ਲਗੇ। ਸ੍ਰੀ ਬਾਬੂ ਜੀ ਜਥੇ ਸਮੇਤ ਉਸੇ ਸਾਲ ਪਹਿਲਾਂ ਕੀਰਤਨ-ਛਹਿਬਰਾਂ ਲਾ ਚੁਕੇ ਸਨ।

੧੯੩੬ ਦਸੰਬਰ ਵਿਚ ਭਾਈ ਸਾਹਿਬ ਨੇ ਸਮੇਤ ਜਥੇ ਦੇ ਮੁੜ ਰਾ: ਪਿੰਡੀ ਨੂੰ ਭਾਗ ਲਾਏ। ਇਸ ਵਾਰੀ ਇਹ ਸੁਭਾਗ ਦਾਸ ਨੂੰ ਪ੍ਰਾਪਤ ਹੋਇਆ। ੧੩ ਦਿਨ ਨਿਵਾਸ ਦਾਸ ਦੇ ਬੰਗੇ ਹੋਇਆ। ਦਾਸਰਾ ਰਾਤ ਨੂੰ ਨਿਵਾਸ ਆਪਣੇ ਗੁਰਮੁਖ ਮਿਤਰ—ਸ੍ਰੀ ਭਾਈ ਕਪੂਰ ਸਿੰਘ—ਦੇ ਬੰਗੇ ਕਰਦਾ ਸੀ। ਇਕ ਸਵੇਰ ਕੀਰਤਨ ਵਲੋਂ ਜਥੇ ਨੂੰ ਛੁਟੀ ਸੀ। ਜਦ ਦਾਸ ਬੰਗੇ ਪੁਜਾ, ਸੰਗਤਾਂ ਆਪੋ ਆਪਣੇ ਆਸਣਾਂ ਤੇ ਬਿਰਾਜਮਾਨ ਸਨ। ਪੁਛਣ ਤੇ ਪਤਾ ਲਗਾ ਰਾਤ ਨੂੰ ਅਜਬ ਕੌਤਕ ਵਰਤਿਆ !

ਜਥੇ ਦੇ ਪੁਜਣ ਤੋਂ ਪਹਿਲਾਂ, ਸੋਧ ਦੀ ਖ਼ਾਤਰ, ਬੀਬੀ ਇੰਦਰ ਕੌਰ (ਦਾਸ ਦੀ ਸਿੰਘਣੀ) ਨੇ ਪੰਜੀਰੀ—ਬਗੈਰ ਪਾਣੀ ਤੋਂ—ਤਿਆਰ ਕੀਤੀ ਸੀ, ਜੋ ਸੋਧੀ ਸਿੰਘ ਵੀ ਅੰਗੀਕਾਰ ਕਰ ਸਕਣ । ਸਾਰਿਆਂ ਨੇ ਛਕੀ, ਪਰ ਭਾਈ ਸਾਹਿਬ ਜੀ ਨੇ ਨਾ ਮੁਖ ਲਾਈ। ਉਹ ਨਵਾਂ ਨਵਾਂ ਅਰਦਾਸਾ ਸੋਧ ਕੇ ਆਏ ਸਨ ਜੁ ਆਪ ਜੀ ਓਹੀ ਚੀਜ਼ ਅੰਗੀਕਾਰ ਕਰਨਗੇ ਜੋ ਉਨ੍ਹਾਂ ਦੇ ਖ਼ਿਆਲ



www.AKJ.Org

ਅਨੁਸਾਰ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਨੇ ਤਿਆਰ ਕੀਤੀ ਹੋਵੇ। ਜਿਸ ਰਾਤ ਦਾ ਮੈਂ ਜ਼ਿਕਰ ਕਰ ਰਿਹਾ ਹਾਂ, ਜਥਾ ਪ੍ਰਸ਼ਾਦ ਛਕਣ ਵਾਸਤੇ ਬਾਬਾ ਸੰਤੋਖ ਸਿੰਘ ਜੀ ਦੇ ਬੁੰਗੇ ਗਿਆ। ਗੁਰਪੁਰਵਾਸੀ ਕਰਨਲ ਪਿਆਰਾ ਸਿੰਘ ਜੀ, ਗਿਆਨੀ ਹਰਬੰਸ ਸਿੰਘ ਜੀ ਤੇ ਬੀਬੀ ਇੰਦਰ ਜਥੇ ਨਾਲ ਪ੍ਰਸ਼ਾਦ ਛਕਣ ਨਹੀਂ ਗਏ ਸਨ। ਇਨ੍ਹਾਂ ਕੀਰਤਨ-ਅਖਾੜਾ ਰਚ ਲਿਆ। ਬੀਬੀ ਪਾਸ ਇਕ-ਤਾਰਾ ਸੀ। ਸਥਾਈ ਤੁਕ "ਆਏ ਸੰਤ ਪ੍ਰਾਹੁਣੇ ਹੋਇਆ ਕੀਰਤਨ ਰੈਣ ਸਬਾਈ" ਦਾ ਕੀਰਤਨ ਹੋ ਰਿਹਾ ਸੀ ਤੇ ਪ੍ਰਮਾਣ ਲਗ ਰਹੇ ਸਨ। ਜਥਾ ਪ੍ਰਸ਼ਾਦ ਛਕ ਕੇ ਵਾਪਸ ਪਹੁੰਚਾ। ਭੂਮ-ਆਸਣ ਸਾਰੇ ਹੋ ਗਏ ਤੇ ਰੰਗਾਂ ਵਿਚ ਕੀਰਤਨ ਚਾਲੂ ਰਿਹਾ। ਇਕ ਦੋ ਵਜੇ ਸਵੇਰੇ ਭੋਗ ਪਿਆ। ਸ੍ਰੀ ਭਾਈ ਸਾਹਿਬ ਜੀਉ ਕਿਸੇ ਮਸਤਾਨੀ ਹਾਲਤ ਵਿਚ ਫਰਸ਼ ਤੇ ਹੀ ਲੇਟ ਗਏ। ਉਚੀ ਉਚੀ ਆਵਾਜ਼ ਦਿਤੀ—"ਬੀਬੀ ਇੰਦਰ", ਦੂਜੀ ਵਾਰੀ "ਬੀਬੀ ਇੰਦਰ", ਤੀਜੀ ਵਾਰੀ "ਬੀਬੀ ਤੇਜਿੰਦਰ"। ਕਿਸੇ ਨੁਕਰੋਂ ਬੀਬੀ ਉਠ ਕੇ ਆਈ। "ਬੀਬੀ, ਲਿਆ ਪੰਜੀਰੀ"। ਪੰਜੀਰੀ ਹਾਜ਼ਰ ਕੀਤੀ ਗਈ। "ਮੇਰੇ ਮੂੰਹ ਵਿਚ ਪਾ", 'ਚਖ ਕੇ ਪਾ"। ਇਹ ਕੰਮ ਕੌਣ ਕਰ ਸਕਦਾ ਸੀ ਇਹ ਹਨ ਸੋਧੀਆਂ ਦੇ ਪ੍ਰੇਮ-ਅਖਾੜੇ ਤੇ ਕੀਰਤਨ ਦੀਆਂ ਬਰਕਤਾਂ।

## ਲੁਧਿਆਣੇ ਵਿਖੇ ਰੈਣ-ਸਬਾਈ ਕੀਰਤਨ

ਅਖੰਡ ਕੀਰਤਨ ਜੱਥਾ ਲੁਧਿਆਣਾ ਵਲੋਂ ਸੰਤ ਮਕੈਨੀਕਲ ਵਰਕਸ ਵਿਖੇ ੨੧ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ. ਵੀ ਹਾਜ਼ਰੀਆਂ ਭਰਨਗੇ। ਸਮੂਹ ਸੰਗਤਾਂ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

ਪ੍ਰਾਰਥਕ ਦਾਸਰੇ—ਸੰਤ ਮਕੈਨੀਕਲ ਵਰਕਸ, ਸੰਤ ਬਿਲਡਿੰਗ, ਭਗਵਾਨ ਚੌਂਕ, ਜਨਤਾ ਨਗਰ, ਲੁਧਿਆਣਾ

## ਫ਼ੀਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਬੇਨਤੀ ਹੈ ਕਿ ਦਾਸ ਦੇ ਗ੍ਰਿਹਿ ਵਿਖੇ ੨੧ ਫ਼ਰਵਰੀ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਉਸੇ ਰਾਤ ਗੁਰਦਵਾਰਾ ਬਾਵਿਆਂ, ਬਾਂਸੀ ਗੇਟ ਵਿਖੇ ਰੈਣ-ਸਬਾਈ ਕੀਰਤਨ ਹੋਣਗੇ। ਸਮੂੰਹ ਸਗਤਾਂ ਤੇ ਕੀਰਤਨ-ਰਸੀਏ ਵੀਰ ਭੈਣਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਓ ਜੀ।

ਦਾਸਰਾ—ਬਲਵੰਤ ਸਿੰਘ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

## ਪਾਰੋਵਾਲ ਵਿਖੇ ਅੰਮ੍ਰਿਤ-ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ

ਸ: ਅਵਤਾਰ ਸਿੰਘ ਵੀਰਿੰਦਰ ਸਿੰਘ ਜੀ ਪਾਰੋਵਾਲ ਇਤਲਾਹ ਦਿੰਦੇ ਹਨ ਕਿ ੨੧ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਪਾਰੋਵਾਲ ਜਿਲਾ ਗੁਰਦਾਸਪੁਰ ਵਿਖੇ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ, ਜਿਸ ਵਿਚ ਗੁਰਦਾਸਪੁਰ ਅੰਮ੍ਰਿਤਸਰ ਆਦਿ ਤੋਂ ਕੀਰਤਨੀ ਜਥੇ ਤੇ ਸੰਗਤਾਂ ਪੁਜ ਰਹੀਆਂ ਹਨ। ਸੰਗਤਾਂ ਦਰਸ਼ਨ ਦੇ ਕੇ ਦਾਸਾਂ ਨੂੰ ਨਿਵਾਜਣ।

ਨੋਟ:—ਬਟਾਲੇ ਤੋਂ ਆਖਰੀ ਬਸ ਸਾਢੇ ਚਾਰ ਵਜੇ ਸ਼ਾਮ ਅਤੇ ਅੰਮ੍ਰਿਤਸਰ ਅਜੀਤ ਨਗਰ ਤੋਂ ਛੇ ਵਜੇ ਸ਼ਾਮ ਚਲੇਗੀ।

ਦਰਸ਼ਨ ਅਭਿਲਾਖੀ, ਸੰਗਤ ਪਾਰੋਵਾਲ

**ਅਕਾਲ ਚਲਾਣਾ**—ਸਾਡੇ ਸਨਮਾਨ ਯੋਗ ਅਮਰੀਕਾ ਨਿਵਾਸੀ ਵੀਰ, ਪ੍ਰੋਫੈਸਰ ਉਦੇ ਸਿੰਘ ਜੀ ਨੂੰ ਨੌਜਵਾਨ ਲੜਕੇ ਦੇ ਵਿਛੋੜੇ ਪਿਛੋਂ ਹੁਣ ਇਹ ਦੂਜਾ ਸਦਮਾ ਪੁਜਾ ਹੈ ਕਿ ਉਨ੍ਹਾਂ ਦੇ ਪਿਤਾ ਸ: ਜਸਵਤ ਸਿੰਘ ਜੀ ਰਾਏ ਜਲੰਧਰ ਆਪਣ ਨਿਵਾਸ ਵਿਖੇ ਮਮੂਲੀ ਖੇਚਲ ਪਿਛੋਂ ਚਲਾਣਾ ਕਰ ਗਏ ਹਨ। ਸਰਦਾਰ ਜਸਵੰਤ ਸਿੰਘ ਜੀ ਗੁਰਸਿਖੀ ਜੀਵਨ ਵਾਲੇ ਗੁਰੂ ਕੇ ਲਾਲ ਸਨ। ਸਤਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

www.AKJ.Org

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਢਾਕੇ ਵਾਲੀ ਤਸਵੀਰ

[ਵਲੋਂ—ਡੀ. ਐਸ. ਲਾਇਲਪੁਰੀ, ਜਲੰਧਰ]

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਦੇ ਅਵਸਰ ਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹੀਦੀ ਦੀ ਮਹਾਨਤਾ ਨਿਖਰ ਕੇ ਸਾਹਮਣੇ ਆਈ ਹੈ। ਇਹਨਾਂ ਦਿਨਾਂ ਵਿਚ ਗੁਰੂ ਸਾਹਿਬ ਦੀਆਂ ਕਈ ਯਾਦਗਾਰਾਂ, ਉਹਨਾਂ ਦੇ ਜੀਵਨ ਨਾਲ ਸੰਬੰਧਿਤ ਕਈ ਅਲੌਕਿਕ ਗੱਲਾਂ ਭੀ ਉਜਾਗਰ ਹੋਈਆਂ ਹਨ।

ਇਹਨਾਂ ਵਿਚ ਇਕ ਓਹ ਤਸਵੀਰ ਹੈ ਜਿਸ ਸੰਬੰਧੀ ਕਿਹਾ ਗਿਆ ਹੈ ਕਿ ਜਦੋਂ ਗੁਰ ਸਾਹਿਬ ਢਾਕੇ ਗਏ ਤਾਂ ਇਸ ਤਸਵੀਰ ਨੂੰ ਗੁਰੂ ਸਾਹਿਬ ਨੇ ਆਪ ਅੰਤਮ ਛੋਹ ਦੇ ਕੇ ਮੁਕੰਮਲ ਕੀਤਾ ਸੀ। ਇਹ ਤਸਵੀਰ ਮਹਾਨ ਸ਼ਹੀਦੀ ਮਾਰਗ ਅਤੇ ਸੀਸ ਮਾਰਗ ਜਲੂਸਾਂ ਵਿਚ ਪ੍ਰਦਰਸ਼ਿਤ ਕੀਤੀ ਗਈ ਹੈ।

ਪਰ ਇਹ ਤਸਵੀਰ ਜੋ ਅਖ਼ਬਾਰਾਂ ਵਿਚ ਭੀ ਛਪ ਚੁਕੀ ਹੈ, ਵੇਖ ਕੇ ਮਨ ਸੋਚੀਂ ਪੈ ਜਾਂਦਾ ਹੈ ਕਿ ਕੀ ਇਹ ਤਸਵੀਰ ਗੁਰੂ ਸਾਹਿਬ ਦੀ ਹੈ ? ਕੀ ਤਸਵੀਰ ਵਿਚ ਦਰਸਾਇਆ ਗਿਆ ਚੇਹਰਾ, ਗੁਰੂ ਜੀ ਦੇ ਉਸ ਜਲਾਲ ਭਰੇ ਚੇਹਰੇ ਨੂੰ ਰੂਪਮਾਨ ਕਰਦਾ ਹੈ ਜਿਸ ਬਾਰੇ ਸਾਨੂੰ ਦਸਿਆ ਗਿਆ ਹੈ ਕਿ 'ਮੁਸੱਵਰ ਗੁਰੂ ਜੀ ਦੇ ਚੇਹਰੇ ਵਲ ਤਕਣ ਦੀ ਤਾਬ ਨ ਲਾ ਸਕਿਆ ਜਿਸ ਕਰਕੇ ਗੁਰੂ ਜੀ ਨੇ ਮੁਸੱਵਰ ਪਾਸੋਂ ਬੁਰਸ਼ ਲੈ ਕੇ ਆਪਣਾ ਚੇਹਰਾ ਆਪ ਚਿਤਰਿਆ ਸੀ, ? ਇਸ ਤਸਵੀਰ ਨੂੰ ਗੁਰੂ ਸਾਹਿਬ ਦੀ ਪ੍ਰਮਾਣਿਤ ਤਸਵੀਰ ਕਹਿਣਾ ਕਿਥੋਂ ਤੀਕ ਠੀਕ ਹੈ ? ਇਹ ਪ੍ਰਸ਼ਨ ਹਨ ਜੋ ਇਸ ਤਸਵੀਰ ਨੂੰ ਵੇਖ ਕੇ, ਸੁਭਾਵਿਕ ਹੀ ਪੈਦਾ ਹੁੰਦੇ ਹਨ। ਅਜ ਦਾ ਯੁਗ ਦਲੀਲ ਦਾ ਹੈ, ਵਾਸਤਵਿਕਤਾ ਦੀ ਕਸਵਟੀ ਉਤੇ ਪਰਖਣ ਦਾ ਹੈ।

ਜੇ ਇਸ ਤਸਵੀਰ ਹੇਠਾਂ ਕੋਈ ਕੈਪਸ਼ਨ ਨ ਲਿਖੀ ਜਾਏ ਤਾਂ ਅੰਨ੍ਹੀ ਸ਼ਰਧਾ ਨਾਲ ਨੱਕੋ ਨੱਕ ਭਰਿਆਂ ਮਨ ਭੀ ਇਸ ਨੂੰ ਗੁਰੂ ਸਾਹਿਬ ਦੀ ਤਸਵੀਰ ਕਦੇ ਨਹੀਂ ਮਨ ਸਕੇਗਾ। ਤਸਵੀਰ ਕੀ ਹੈ—ਜੇ ਇਸ ਨੂੰ ਕਿਸੇ ਮੁਸਲਮਾਨ ਬਾਦਸ਼ਾਹ ਦਾ ਚਿਤਰ ਕਿਹਾ ਜਾਏ ਤਾਂ ਕੁਝ ਅਯੋਗ ਨਹੀਂ ਹੋਵੇਗਾ। ਦਾੜ੍ਹੀ ਲਂਬਾਂ, ਭਂਵਾਂ, ਮੁੱਛਾਂ ਦੀ ਬਣਤਰ, ਬਸਤਰ, ਚੇਹਰੇ ਦੇ ਨਕਸ਼ੋ-ਨਗਾਰ ਸਾਰੇ ਦੇ ਸਾਰੇ ਇਸਲਾਮੀ ਸਭਿਆਚਾਰ, ਤੇ ਮੁਸਲਮਾਨੀ ਸ਼ਰਈਅਤ ਦੇ ਪ੍ਰਤੀਕ ਵਿਖਾਈ ਦੇਂਦੇ ਹਨ। ਅਜਿਹੀ ਤਸਵੀਰ ਨੂੰ ਗੁਰੂ ਸਾਹਿਬ ਦੀ ਮਹਾਨ ਉਚੀ ਤੇ ਅਦੁੱਤੀ ਸ਼ਖ਼ਸੀਅਤ ਨਾਲ ਜੋੜਨ ਵਾਲੇ ਸ਼ਹੀਦੀ ਸ਼ਤਾਬਦੀ ਕਮੇਟੀ ਦੇ ਮੰਨੇ-ਪ੍ਰਮੰਨੇ ਵਿਦਵਾਨ ਗੁਰਮਤਿ ਦੀ ਰੌਸ਼ਨੀ ਵਿਚ ਸੋਚਣ, ਕੀ ਉਹ ਗੁਰੂ ਸਾਹਿਬ ਦਾ ਅਪਮਾਨ ਨਹੀਂ ਕਰ ਰਹੇ ?

ਇਕ ਪਾਸੇ ਸਿਖ ਪੰਥ ਦੇ ਮਹਾਨ ਵਿਦਵਾਨ ਭਾਈ ਗਿਆਨ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ੍ਰੀਰਕ ਬਣਤਰ ਇਸ ਪ੍ਰਕਾਰ ਉਲੀਕੀ ਹੈ :—"ਸ੍ਰੀ ਗੁਰੂ ਤੇਗ ਬਹਾਦਰ ਜੀ ਅਤਿ ਸੁੰਦਰ, ਗੌਰਵਰਨ, ਮੋਟ ਨਕਸ਼, ਆਹੂ ਨੈਣ, ਰਤਨਾਰੇ, ਸੁਮਿਲਨਦ, ਚੌੜੀ ਛਾਤੀ, ਕੰਧੇ ਭੁਜਾਂ ਪ੍ਰਲੰਭ, ਸਿਧੀ ਚੁਗਿਰਦ ਦਾੜ੍ਹੀ, ਗੋਲ ਚੇਹਰਾ, ਮੱਥਾ ਉਚਾ, ਬਹੁਤ ਧੀਰਜੀ ਸੰਤੋਖੀ, ਜਤੀ, ਸਤੀ, ਦੂਰਅੰਦੇਸ਼, ਸਚੇ ਧਰਮ ਵੈਰਾਗ ਦੀ ਮੂਰਤਿ ਬ੍ਰਹਮ ਗਿਆਨ ਦੀ ਸੂਰਤਿ, ਸਿਧੇ ਸਾਦੇ ਸੁਭਾ, ਭੋਲੇ ਭਾਲੇ ਸਤਿ ਪੁਰਖ ਸਨ।"

ਦੂਸਰੇ ਪਾਸੇ ਇਸ ਤਸਵੀਰ ਨੂੰ ਜੇ ਉਪਰ ਵਰਨਣ ਕੀਤੀ ਸ੍ਰੀਰਕ ਬਣਤਰ ਨਾਲ ਮੇਲੀਏ ਤਾਂ ਕਿਸ ਪਖੋਂ ਭੀ ਮੇਲ ਨਹੀਂ ਖਾਂਦੀ। ਗੁਰੂ ਜੀ ਦੀ ਆਪਣੀ ਚਿਤਰੀ ਤਸਵੀਰ ਕਰਾਰ ਦੇਣ ਦੀ ਗੱਲ ਦੀ ਨਾ ਸਮਝ ਆਉਂਦੀ ਹੈ ਅਤੇ ਨਾ ਦਲੀਲ ਦੀ ਕਸਵਟੀ ਉਤੇ ਪੂਰੀ ਉਤਰਦੀ ਹੈ। ਨਾ ਪ੍ਰਭਾਵਸ਼ਾਲੀ ਚੇਹਰਾ, ਨਾ ਕੁਦਰਤੀ ਪ੍ਰਕਾਸ਼ਮਈ ਦਾੜ੍ਹਾ, ਨਾ ਤਪੱਸਵੀ ਬਦਨ, ਨ ਸੁਚੱਜੇ ਬਸਤਰ। ਇਥੋਂ ਤੀਕ ਕਿ ਨਿਰੰਕਾਰੀ ਜੋਤ ਦਾ ਕੋਈ ਚਿੰਨ੍ਹ ਹੀ ਵਿਖਾਈ ਨਹੀਂ ਦੇਂਦਾ। ਅਜਿਹੀ ਪ੍ਰਭਾਵ-ਰਹਿਤ ਸ਼ਖ਼ਸੀਅਤ ਵਾਲੀ ਤਸਵੀਰ ਨੂੰ ਗੁਰੂ ਸਾਹਿਬ ਦਾ ਚਿਤਰ ਕਹਿਣਾ ਕਿਤਨੀ ਗੈਰ ਜ਼ਿਮੇਵਾਰੀ ਵਾਲੀ ਅਤੇ ਮਨਘੜਤ ਕਥਨੀ ਹੈ।



www.AKJ.Org

ਆਉ ! ਹੁਣ ਗੁਰਮਤਿ ਦੀ ਰੋਸ਼ਨੀ ਵਿਚ ਰਤਾ ਵਿਚਾਰੀਏ। ਗੁਰਬਾਣੀ ਸਾਫ਼ ਤੌਰ ਤੇ ਦਰਸਾਂਦੀ ਹੈ:—

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ (੮੬੪)

ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ ਕਿ—

'ਗੁਰਿ ਮੂਰਤਿ ਗੁਰ ਸਬਦ ਹੈ'

ਜਿਸ ਧਰਮ ਦਾ, ਜਿਸ ਧਰਮ ਦੇ ਗੁਰੂ ਸਾਹਿਬਾਂ ਦਾ ਇਹ ਸਿਧਾਂਤ ਹੋਵੇ, ਓਸੇ ਧਰਮ ਦ ਅਦੁੱਤੀ ਸ਼ਹੀਦ ਦੇ ਮਨੋ-ਕਲਪਿਤ ਚਿਤਰ ਨੂੰ ਉਨ੍ਹਾਂ ਦੀ ਆਪਣੀ ਚਿਤਰੀ ਤਸਵੀਰ ਕਹਿਣਾ ਕਿਥੋਂ ਤੀਕ ਯੋਗ ਹੈ ? ਤਸਵੀਰ ਜਾਂ ਮੂਰਤੀ-ਪੂਜਾ ਸਿਖੀ ਅਸੂਲਾਂ ਦੇ ਬਿਲਕੁਲ ਵਿਰੁੱਧ ਹੈ। ਸਾਡਾ ਇਤਿਹਾਸ ਤਾਂ ਇਹ ਦਸਦਾ ਹੈ ਕਿ ਇਕ ਵਾਰ ਦਿਲੀ ਦੀ ਸੰਗਤ ਆਪਣੇ ਨਾਲ ਸ਼ਾਹੀ ਮੁਸੱਵਰ ਲੈ ਕੇ ਆਈ ਅਤੇ ਤਸਵੀਰ ਬਨਾਣ ਦੀ ਪ੍ਰਵਾਨਗੀ ਮੰਗੀ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਨਾਂਹ ਕਰ ਦਿਤੀ ਅਤੇ ਹੁਕਮ ਕੀਤਾ ਕਿ ਗੁਰੂ ਦੀ ਮੂਰਤਿ ਤਾਂ ਗੁਰੁ ਸ਼ਬਦ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖਾਂ ਦੇ ਮਨ ਨੂੰ ਸ਼ਬਦ ਸੁਰਤਿ ਨਾਲ ਜੋੜਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਪੰਥ ਨੂੰ ਸ਼ਬਦ ਰੂਪ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਹਮੇਸ਼ਾ ਲਈ ਤਸਵੀਰ, ਬੁੱਤ ਅਤੇ ਸ਼ਖ਼ਸੀਅਤ-ਪ੍ਰਸਤੀ ਤੋਂ ਵਰਜ ਦਿਤਾ। ਸ਼ਬਦ ਨੂੰ ਸਦੀਵੀ ਗੁਰੂ ਦਾ ਦਰਜਾ ਦਿਤਾ।

ਪਰ ਅਸੀਂ ਗੁਰਮਤਿ ਦੇ ਸਿਧਾਂਤ, ਗੁਰਬਾਣੀ ਅਤੇ ਗੁਰੂ ਸ਼ਾਹਿਬ ਦੇ ਉਪਦੇਸ਼ਾਂ ਨੂੰ ਭੁਲ ਕੇ ਤਸਵੀਰਾਂ ਦੇ ਪੁਜਾਰੀ ਬਣ ਗਏ ਹਾਂ। ਗੁਰੂ ਸਾਹਿਬਾਨ ਦੀਆਂ ਮਨੋ ਕਲਪਿਤ ਤਸਵੀਰਾਂ ਨੂੰ ਮੱਥੇ ਟੇਕਦੇ, ਹਾਰ ਚੜ੍ਹਾਂਦੇ ਅਤੇ ਧੂਫ ਧੁਖਾਂਦੇ ਹਾਂ, ਜੋ ਗੁਰਮਤਿ ਦੇ ਸਰਾਸਰ ਉਲਟ ਅਤੇ ਮਨਮਤ ਹੈ।

ਹੈਰਾਨੀ ਦੀ ਗਲ ਹੈ ਕਿ ਇਤਨਾ ਅਮੋਲਕ ਸ਼ਬਦ-ਖ਼ਜ਼ਾਨਾ ਸਾਡੇ ਕੋਲ ਹੋਣ ਦੇ ਬਾਵਜੂਦ ਅਸੀਂ ਤਸਵੀਰਾਂ ਦੇ ਪਿਛੇ ਕਿਉਂ ਦੌੜ ਰਹੇ ਹਾਂ ? ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਗਦੀ ਜੋਤਿ, ਦਸ ਗੁਰੂ ਸਾਹਿਬਾਂ ਦਾ ਸਾਕਾਰ ਰੂਪ ਮੰਨਦੇ ਹੋਇਆਂ, ਤਸਵੀਰ ਦੀ ਪੂਜਾ ਕੀ ਅਰਥ ਰਖਦੀ ਹੈ ? ਮੁਸਲਮਾਨ ਕੌਮ ਦੀ ਅਣਖ ਦਾ ਕੌਣ ਮੁਕਾਬਲਾ ਕਰ ਸਕੇਗਾ, ਜਿਸ ਨੇ ਅਜ ਤਕ ਹਜ਼ਰਤ ਮੁਹੰਮਦ ਸਾਹਿਬ ਦੀ ਇਕ ਤਸਵੀਰ ਭੀ ਨਹੀਂ ਬਣਨ ਦਿਤੀ। ਪਰ ਦੂਸਰੇ ਪਾਸੇ ਇਕੱਲੇ ਗੁਰੂ ਨਾਨਕ ਦੇਵ ਜੀ ਦੀਆਂ ਸੈਂਕੜੇ ਪ੍ਰਕਾਰ ਦੀਆਂ ਤਸਵੀਰਾਂ ਹਨ ਜੋ ਇਕ ਦੂਜੀ ਨਾਲ ਮੇਲ ਨਹੀਂ ਖਾਂਦੀਆਂ। ਇਹਨਾਂ ਵਿਚੋਂ ਕਿਹੜੀ ਤਸਵੀਰ ਪ੍ਰਮਾਣਿਤ ਮੰਨੀ ਜਾਏ ਤੇ ਕਿਹੜੀ ਗ਼ਲਤ ? ਇਸ ਸੰਬੰਧੀ ਅਜੇ ਤਕ ਕੋਈ ਫ਼ੈਸਲਾ ਸਰਬ-ਸੰਮਤੀ ਨਾਲ ਨਹੀਂ ਹੋ ਸਕਿਆ। ਸਿਖ ਵਿਦਵਾਨਾਂ ਅਤੇ ਇਤਿਹਾਸਕਾਰਾਂ ਦੀਆਂ ਰਾਵਾਂ ਵਖ ਵਖ ਹਨ। ਕੋਈ ਪ੍ਰਮਾਣਿਤ ਤਸਵੀਰ ਦੇ ਹੱਕ ਵਿਚ ਹੈ ਤੇ ਕੋਈ ਕਿਸੇ ਹੋਰ ਖ਼ਿਆਲ ਦਾ ਹੈ। ਇਸਦਾ ਕਾਰਨ ਇਹ ਹੈ ਕਿ ਅਸੀਂ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਭੁਲ ਕੇ ਸ਼ਖ਼ਸੀ ਪੂਜਾ ਦੇ ਪਿਛੇ ਲਗੇ ਹੋਏ ਹਾਂ।

ਅੰਧ-ਵਿਸ਼ਵਾਸ, ਗ਼ਲਤ ਸ਼ਰਧਾ ਅਤੇ ਰੀਸੋ ਰੀਸ ਧਾਰਨ ਕੀਤੀਆਂ ਪ੍ਰਪਾਟੀਆਂ ਕਾਰਨ ਗੁਰਬਾਣੀ ਅਤੇ ਗੁਰਮਤਿ ਦੇ ਸਿਧਾਂਤਾਂ ਨੂੰ ਅੱਖੋਂ ਉਹਲੇ ਕਰਨਾ ਉਚਿਤ ਨਹੀਂ।

---


## ਮੋਗਾ ਵਿਖੇ ਸਾਲਾਨਾ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ

ਸਮੂੰਹ ਸੰਗਤਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ਖ਼ਾਲਸਾ ਹਾਈ ਸਕੂਲ ਮੋਗਾ ਵਿਖੇ ਹਰ ਸਾਲ ਵਾਂਗ ਸਾਲਾਨਾ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਦੇ ਸਮਾਗਮ ੬-੭ ਮਾਰਚ ਸ਼ਨੀ ਤੇ ਐਤਵਾਰ ਦੀ ਵਿਚਕਾਰਲੀ ਰਾਤ ਨੂੰ ਹੋ ਰਹੇ ਹਨ, ਜਿਸ ਵਿਚ ਪੰਜਾਬ ਭਰ ਵਿਚੋਂ ਉਘੇ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰ ਰਹੇ ਹਨ। ਦਰਸ਼ਨ ਦਿਓ ਜੀ ਅਤੇ ਹਰੀ ਜਸ ਦੇ ਲਾਹੇ ਪ੍ਰਾਪਤ ਕਰੋ ਜੀ।

ਦਾਸਰੇ—ਅਖੰਡ ਕੀਰਤਨੀ ਜੱਥਾ, ਮੋਗਾ

ਪੁਛ ਗਿਛ—ਭਾਈ ਕਰਨੈਲ ਸਿੰਘ, ਚੌਕ ਰਾਮਗੜ੍ਹੀਆ, ਮੋਗਾ


www.AKJ.Org

# ਹੋਈਏ ਸਦਾ ਸੁਹਾਗਣਾਂ, ਮਹਿਕੇ ਸਦਾ ਬਸੰਤ

[ਵਲੋਂ—ਸ: ਵਿਧਾਤਾ ਸਿੰਘ ਜੀ ਤੀਰ]

ਸਖੀਓ ! ਅਜ ਘਰ ਆ ਗਿਆ, ਇਸ ਕਮਲੀ ਦਾ ਕੰਤ ।
ਰੋਮ ਰੋਮ ਜੋ ਰਚ ਰਿਹਾ, ਕਰਨ-ਹਾਰ ਗੁਣਵੰਤ ।
ਜਿਸ ਦੀ ਮਹਿਕੀ ਚਾਨਣੀ, ਮਾਣਨ ਸਭ ਜੀ ਜੰਤ ।
ਜੋ ਹੁਸਨਾਂ ਦਾ ਹੁਸਨ ਹੈ, ਅਲਖ ਅਨਾਦ ਅਨੰਤ ।
ਕੋਈ ਸਮਝ ਨ ਸੱਕਿਆ, ਆਦਿ ਜਿਦ੍ਹਾ ਤੇ ਅੰਤ ।
ਜਿਸ ਨੂੰ ਪੂਜਨ ਕੁਦਰਤਾਂ, ਜਿਸ ਨੂੰ ਸਿਮਰਨ ਸੰਤ ।
ਤਨ ਮਨ ਭਰਿਆ ਖੇੜਿਆਂ, ਛਬੀਆਂ ਗਾਵਣ ਛੰਤ ।
'ਮਾਹਾ ਮਾਹ ਮੁਮਾਰਖੀ, ਚੜ੍ਹਿਆ ਸਦਾ ਬਸੰਤ' ।

ਸਈਓ ! ਮੋਈਆਂ ਪਤਝੜਾਂ, ਖਾ ਖੇੜੇ ਦੀ ਮਾਰ ।
ਹਾਰ-ਸ਼ਿੰਗਾਰਾਂ ਦੀ ਭਰੀ, ਆ ਗਈ ਅਮਰ-ਬਹਾਰ ।
ਮਨ-ਮੰਦਰ ਵਿਚ ਛਾ ਗਈ, ਮਾਹੀ ਦੀ ਮਹਿਕਾਰ ।
ਏਸ ਮਹਿਕ ਤੋਂ ਮਹਿਕ ਪਏ, ਫੁੱਲ ਗੁਰੂ-ਅਵਤਾਰ ।
ਇਸੇ ਅਮਰ ਸੁਗੰਧੀਓਂ, ਮਹਿਕੇ ਅਮਰ-ਪਿਆਰ ।
ਏਸ ਦੀ ਰੰਗਲੀ ਰੂਹ ਵਿਚੋਂ, ਉਗਮਣ ਸੈ ਸੰਸਾਰ ।
ਇਹ ਭਗਤਾਂ ਦੀ ਲੋਚਨਾ, ਬਣ ਆਈ ਭਗਵੰਤ ।
ਬਿਰਹਾ ਦਾ ਬਸ-ਅੰਤ ਹੈ, ਸਈਓ ਸਦਾ-ਬਸੰਤ ।

ਖਿੜੀਆਂ ਅੱਜ ਉਦਾਸੀਆਂ, ਪਾ ਕੇ ਨਵੀਂ ਪੁਸ਼ਾਕ ।
ਆਈ ਘੜੀ ਸੁਲੱਖਣੀ, ਗਏ ਸਮੇਂ ਗ਼ਮਨਾਕ ।
ਸਈਓ, ਅੱਜ ਤੋਂ ਨਾ ਰਹੀ, ਦਰ ਦੂਜੇ ਦੀ ਝਾਕ ।
ਸਿਕਦੇ ਨੈਣਾਂ ਪਾ ਲਿਆ, ਸੁਰਮਾ ਦਰ ਦੀ ਖ਼ਾਕ ।
ਹੁਣ ਇਹੋ ਹੈ ਕਾਮਨਾ, ਮੁੜ ਨ ਮਿਲੇ ਤਲਾਕ ।
ਗੁਟਕਣ ਕੰਤਾਂ ਵਾਲੀਆਂ, ਰੁਲ ਰੁਲ ਮਰਨ ਬੇਬਾਕ ।
'ਨਿਵਣ ਸੁ ਅਖਰੁ ਖਵਣੁ ਗੁਣੁ, ਜਿਹਬਾ ਮਣੀਆ ਮੰਤੁ' ।
'ਇਹ ਤ੍ਰੈ ਭੈਣੇ ਵੇਸ ਕਰਿ', ਫਿਰ ਹੈ ਸਦਾ-ਬਸੰਤ ।

ਆਓ ਸਈਓ ਰਲ ਕੇ, ਇਉਂ ਕਰੀਏ ਅਰਦਾਸ ।
"ਸੁਣ ਵੇ ਕੰਤ ਸੁਹੇਲਿਆ ! ਪੂਰੀਂ ਸਭ ਦੀ ਆਸ ।
ਰੂਹਾਂ ਰੰਗ ਦੇ ਸਾਡੀਆਂ, ਕਰ ਰੂਹਾਂ ਵਿਚ ਵਾਸ ।
ਲੂੰ ਲੂੰ ਤੈਨੂੰ ਸਿੱਮਰੇ, ਬਿਰਥਾ ਜਾਇ ਨਾ ਸਾਸ ।
ਸਾਡੇ ਦਿਲੋਂ ਦਵੈਤ ਦਾ, ਦਾਤਾ ਕਰ ਦੇ ਨਾਸ ।
ਪਲਟ ਜਾਇ ਇਹ ਜ਼ਿੰਦਗੀ, ਪਲਟ ਜਾਇ ਇਤਿਹਾਸ ।
ਖੇੜਾ ਸਰਬ-ਪਿਆਰ ਦਾ, ਮਰੇ ਨਾ ਦਿਲੋਂ ਕਦੰਤ ।
ਹੋਈਏ ਸਦਾ ਸੁਹਾਗਣਾਂ, ਮਹਿਕੇ ਸਦਾ ਬਸੰਤ ।"

['ਨਵੇਂ ਨਿਸ਼ਾਨੇ' ਪੁਸਤਕ ਵਿਚੋਂ

---

# 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਅਖੰਡ ਕੀਰਤਨੀ ਜੱਥਾ ਉਤਮ ਨਗਰ ਦਿੱਲੀ ਵਲੋਂ ਰੈਣ ਸਬਾਈ ਕੀਰਤਨ ਸਮੇਂ | ੧੧—੦੦ |
| ਸ: ਦਰਸ਼ਨ ਸਿੰਘ ਜੀ ਕਾਹਮਾ ਖੇਤਰੀ ਵਾਲੇ | ੫—੦੦ |
| ਸਿੰਘ ਸਭਾ ਗੁਰਦਵਾਰਾ ਮੈਨਪੁਰੀ ਵਲੋਂ ਸ੍ਰੀ ਅਖੰਡਪਾਠ ਦੇ ਭੋਗ ਸਮੇਂ | ੧੧—੦੦ |
| ਸ: ਅਮਰਜੀਤ ਸਿੰਘ ਜੀ ਛਤਵਾਲ ਬੰਬਈ ਵਲੋਂ ਵੀਰ ਰਾਜਿੰਦਰ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੫—੦੦ |
| ਸ: ਅਮਰਜੀਤ ਸਿੰਘ ਜੀ ਛਤਵਾਲ ਵਲੋਂ ਸਪੁਤਰੀ ਦੀ ਸਿਹਤ ਦੀ ਅਰਦਾਸ ਲਈ | ੬—੦੦ |
| *Cpl.* ਦੀਦਾਰ ਸਿੰਘ ਜੀ ਵਲੋਂ | ੨੧—੦੦ |
| ਪ੍ਰੋ: ਠਾਕਰ ਸਿੰਘ ਜੀ ਵੈਰੋਵਾਲ ਵਲੋਂ ਆਪਣੇ ਪਿਤਾ ਭਾਈ ਸਾਹਿਬ ਵਰਿਆਮ ਸਿੰਘ ਜੀ ਦੇ ਭੋਗ ਸਮੇਂ | ੨੨—੦੦ |

ਸਤਿਗੁਰੂ ਸਰਬਤ ਨੂੰ ਤਨ ਮਨ ਅਰੋਗ ਬਖ਼ਸ਼ ਕੇ ਗੁਰਸਿਖੀ ਜੀਵਨ ਤੇ ਚੜ੍ਹਦੀਆਂ ਕਲਾਂ ਦਾਨ ਦੇਣ ।

---

# ਡਾਕਟਰ ਦਰਬਾਰਾ ਸਿੰਘ ਜੀ ਮਲਾਵੀ (ਅਫ਼ਰੀਕਾ) ਨੂੰ ਸਦਮਾ

ਡਾਕਟਰ ਸਾਹਿਬ ਦੀ ਸੁਪਤਨੀ ਬੀਬੀ ਹਰਬੰਸ ਕੌਰ ਕਾਫ਼ੀ ਮਹੀਨੇ ਸਖ਼ਤ ਬੀਮਾਰ ਰਹਿ ਕੇ ੧੧ ਜਨਵਰੀ ੧੯੭੬ ਨੂੰ ਸਦੈਵੀ ਵਿਛੋੜਾ ਦੇ ਗਏ । ਸਤਿਗੁਰੂ ਵਿਛੜੀ ਰੂਹ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ਣ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ।



www.AKJ.Org

# ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ......।

[ਵਲੋਂ—ਨਾਇਬ ਸੂਬੇਦਾਰ ਹਰਭਜਨ ਸਿੰਘ ਸਿੱਧੂ, 'ਜਾਟ ਰਜਮੈਂਟ']

ਮਨ ਦਿਤਾ ਏ ਸਤਿਗੁਰ ਤੈਨੂੰ, ਇਹ ਤਨ ਭੀ ਤੇਰਾ ਏ।
ਮੇਰੇ ਮਨ ਮੰਦਰ ਵਿੱਚ ਦਾਤਾ ! ਹੁਣ ਤੇਰਾ ਬਸੇਰਾ ਏ।

ਬੈਠੇ ਹਨ ਘੇਰਾ ਡਾਲੇ, ਪੰਜ ਇਹ ਠੱਗ ਮਤਵਾਲੇ।
ਪੈਂਦੇ ਹਨ ਠੱਗਣ ਮੁੜ ਮੁੜ, ਪਰ ਸਭ ਕੁਝ ਤੇਰਾ ਏ ॥੧॥

ਮੈਂ ਹਾਂ ਜੀ ਅੱਜ ਤੋਂ ਤੇਰਾ, ਤੂੰ ਵੀ ਹੁਣ ਬਣ ਜਾ ਮੇਰਾ,
ਆ ਜਾ ਤੂੰ ਕਰਕੇ ਜੇਰਾ, ਇਹ ਘਰ ਹੁਣ ਤੇਰਾ ਏ ॥੨॥

ਚੰਗਿਆਂ ਦਾ ਮੇਲ-ਮਿਲਾਈਂ, ਬਖ਼ਸ਼ਿਆਂ ਦੇ ਰੂਪ ਦਿਖਾਈਂ,
ਆਪਣੇ ਹੀ ਚਰਨੀਂ ਲਾਈਂ, ਇਹ ਬਿਰਦ ਹੀ ਤੇਰਾ ਏ ॥੩॥

ਆਤਮ ਵਿੱਚ ਕਰ ਪ੍ਰਕਾਸ਼ਾ, ਤੈਂਡਾ ਹੀ ਮੈਂ ਭਰਵਾਸਾ,
ਸਤਿਗੁਰ ਜੀ ! ਮਿਲੇ ਦਿਲਾਸਾ, ਇਹ ਦਾਸਰਾ ਤੇਰਾ ਏ ॥੪॥

ਗੁਰਸਿੱਖੀ ਦਾ ਮਾਰਗ ਬਖਸ਼ੀਂ, ਕਰ ਦੇ ਜੀ ਆਤਮ-ਦਰਸ਼ੀ,
ਸੰਗਤ ਦੀ ਧੂੜ ਸਪੱਰਸ਼ੀ, ਜਹਿੰ ਵਾਸਾ ਤੇਰਾ ਏ ॥੫॥

ਸਗਲੇ ਮੈਂ ਦੁਆਰੇ ਛੱਡੇ, ਤੁਧ ਵੱਲ ਹਨ ਨੈਨ ਮੈਂ ਗੱਡੇ,
'ਜੀਉ ਪਿੰਡ ਚੰਮ ਤੇਰਾ ਹੱਡੇ', ਤਨ ਕੱਸਾ ਤੇਰਾ ਏ ॥੬॥

'ਹਰਿਭਜਨ' ਹੈ ਕਰਦਾ ਬਿਨਤੀ, ਹਰਦਮ ਇਹ ਗਿਣਦਾ ਗਿਣਤੀ,
ਛਡ ਕੇ ਸਭ ਗਿਣਤੀ ਮਿਣਤੀ, ਮੱਲ ਪਾਸਾ ਮੇਰਾ ਏ ॥੭॥

ਮਨ ਹੈ ਜੀ ਅਰਪਿਆ ਤੈਨੂੰ, ਤਨ ਵੀ ਮੈਂ ਸੌਂਪਿਆ ਤੈਨੂੰ,
ਅਰਪਿਆ ਇਹ ਸੀਸ ਗੁਸਾਈਂ, ਇਹ ਸਭ ਕੁੱਝ ਤੇਰਾ ਏ ॥੮॥

---

# ਸ੍ਰੀਮਾਨ ਬਾਊ ਮਲ ਸਿੰਘ ਜੀ ਨੂੰ ਵਿਛੋੜਾ

ਮਾਨਯਵਰ ਬਾਊ ਮਲ ਸਿੰਘ ਜੀ ਦੇ ਵਡੇ ਭਰਾਤਾ ਅਤੇ ਪ੍ਰੋਫੈਸਰ ਠਾਕਰ ਸਿੰਘ ਜੀ ਦੇ ਪਿਤਾ ਭਾਈ ਸਾਹਿਬ ਵਰਿਆਮ ਸਿੰਘ ਜੀ ੧੭ ਜਨਵਰੀ ੧੯੭੬ ਦੀ ਰਾਤ ਨੂੰ ੧੦੪ ਸਾਲ ਦੀ ਦੀਰਘ ਆਯੂ ਵਿਚ ਚਲਾਣਾ ਕਰ ਗਏ ਹਨ। ਭਾਈ ਸਾਹਿਬ ਵਰਿਆਮ ਸਿੰਘ ਜੀ ਸੋਹਣੇ ਸਿਖੀ ਜੀਵਨ ਵਿਚ ਅਤੇ ਸੁਆਸ ਸੁਆਸ ਨਾਮ ਜਪਦਿਆਂ ਹੋਇਆਂ ਗੁਰਪੁਰੀ ਸਿਧਾਰੇ ਹਨ। ੨੮ ਜਨਵਰੀ ਨੂੰ ਉਨ੍ਹਾਂ ਦੇ ਗ੍ਰਿਹ ਵੈਰੋਵਾਲ ਵਿਖੇ ਇਕ ਸ੍ਰੀ ਅਖੰਡਪਾਠ ਅਤੇ ਇਕ ਸਹਿਜ ਪਾਠ ਦੇ ਭੋਗ ਪਏ ਅਤੇ ਗੁਰਬਾਣੀ ਦੇ ਕੀਰਤਨ ਹੋਏ। ਸੰਗਤਾਂ ਦੀ ਕਾਫ਼ੀ ਹਾਜ਼ਰੀ ਵਿਚ ਵਿਛੜੀ ਰੂਹ ਨੂੰ ਅਸੀਸੜੀਆਂ ਦਿਤੀਆਂ ਗਈਆਂ ਕਿ ਸਤਿਗੁਰੂ ਦਾਤਾਰ ਪਿਤਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਸਾਰੇ ਪਰਵਾਰ ਨੂੰ ਗੁਰਸਿਖੀ ਜੀਵਨ ਜੀਣ ਦੀ ਦਾਤਾਂ ਦਾਨ ਕਰਨ।



www.AKJ.Org

# ਨਵੇਂ ਅਮਾਨਤੀ ਲਾਈਫ਼ ਮੈਂਬਰ

ਜਨਵਰੀ ਵਿਚ 'ਸੂਰਾ' ਦੇ 14 ਨਵੇਂ ਅਮਾਨਤੀ ਲਾਈਫ ਮੈਂਬਰ ਬਣੇ ਹਨ। ਇਨ੍ਹਾਂ ਮੈਂਬਰਾਂ ਵਲੋਂ ਆਏ ਸੌ ਸੌ ਰੁਪਏ ਪੰਜਾਬ ਸਿੰਧ ਬੈਂਕ, ਹਾਲ ਅੰਮ੍ਰਿਤਸਰ ਵਿਚ ਜਮ੍ਹਾ ਕਰਾ ਕੇ, ਹੇਠ ਲਿਖੇ ਨੰਬਰਾਂ ਦੀਆਂ ਐਫ-ਡੀਆਂ ਬਣਵਾਈਆਂ ਗਈਆਂ ਹਨ—

| | | | |
|---|---|---|---|
| 60. ਸ: ਈਸ਼ਵਰ ਸਿੰਘ ਜੀ | (ਚਿਟ ਨੰਬਰ 501) | 399980-164-76 | ਮਿਤੀ 23.1.76 |
| 61. S.A.S. ਦੁਗਲ | ( ,, 541) | 399981-165-76 | ,, |
| 62. ਸ: ਸੇਵਕ ਸਿੰਘ S/o ਸਰਦਾਰ ਸਿੰਘ ਜੀ | ( ,, 297) | 399982-166-76 | ,, |
| 63. ਗਿਆਨੀ ਬਚਿੱਤ ਸਿੰਘ ਜੀ | ( ,, 277) | 399983-167-76 | ,, |
| 64. ਸ: ਸੁਖਬੀਰ ਸਿੰਘ ਜੀ | ( ,, 1496) | 399984-168-76 | ,, |
| 65. ਸ: ਜੋਗਿੰਦਰ ਸਿੰਘ ਜੀ | ( ,, 621) | 399985-169-76 | ,, |
| 66. ਸ: ਪਰਤਾਪ ਸਿੰਘ ਜੀ ਐਡਵੋਕੇਟ | ( ,, 30) | 399986-170-76 | ,, |
| 67, Cdl. ਜਗਜੀਤ ਸਿੰਘ ਜੀ ਸੈਨੀ | ( ,, 85) | 399987-171-76 | ,, |
| 68. ਸ: ਹਰਸੇਵ ਸਿੰਘ ਜੀ ਸੈਨੀ | ( ,, 48) | 399988-172-76 | ,, |
| 69. ਭਾਈ ਸਾਹਿਬ ਮਹਿੰਦਰ ਸਿੰਘ ਜੀ S.O.D | ( ,, 158) | 399989-173-76 | ,, |
| 70. ਸ: ਹਰੀ ਸਿੰਘ ਜੀ | ( ,, 67) | 399990-174-76 | ,, |
| 71. ਸ: ਮਹਿੰਦਰ ਸਿੰਘ ਧਰਮਵੀਰ ਸਿੰਘ ਜੀ | ( ,, 307) | 399991-175-76 | ,, |
| 72. ਸ: ਤੀਰਥ ਸਿੰਘ ਜੀ ਸੇਠੀ | ( ,, 1004) | 399992-176-76 | ,, |
| 73. ਸ: ਜੈ ਸਿੰਘ ਜੀ | ( ,, 310) | 289507-151-76 | 27.1.76 |

ਅਮਾਨਤੀ ਲਾਈਫ਼ ਮੈਂਬਰ ਦੇਸ ਲਈ 100/- ਪਰਦੇਸ ਸਭ ਥਾਈਂ ਸਮੁੰਦਰੀ ਡਾਕ 250/—

ਹਵਾਈ ਡਾਕ, ਯੂ ਕੇ ਅਫ਼ਰੀਕਾ ਆਦਿ 650/— ਮਲਾਇਆ ਸਿੰਘਾਪੁਰ ਤੇ ਅਰਬ ਆਦਿ 500/—

ਇਹ ਰਕਮਾਂ ਗਾਹਕਾਂ ਦੀਆਂ ਰਹਿਣਗੀਆਂ, 'ਸੂਰਾ' ਪੱਤਰ ਨੇ ਚੰਦੇ ਵਜੋਂ ਕੇਵਲ ਸੂਦ ਹੀ ਲੈਣਾ ਹੈ।

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਸਚ ਨਿਰਣੇ | ੬—੦੦ | ਗੁਰਮਤਿ ਬਿਬੇਕ | ੭—੫੦ |
| ਅੰਮ੍ਰਿਤ ਕੀ ਹੈ | ੨—੦੦ | ਗੁਰਮਤਿ ਰਮਜ਼ਾਂ | ੬—੦੦ |
| ਰੰਗਲੇ ਸਜਣ | ੩—੫੦ | ਅਨਹਦ ਸ਼ਬਦ ਦਸਮ ਦੁਆਰ | ੩—੫੦ |
| ਦਰਸਨ ਝਲਕਾਂ | ੨—੫੦ | ਗੁਰਮਤਿ ਗੌਰਵਤਾ | ੭—੦੦ |
| ਗੁਰਮਤਿ ਨਾਮ ਅਭਿਆਸ ਕਮਾਈ | — — | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩—੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | | ——— |

ਹੋਰ ਪੁਸਤਕਾਂ ਭਾਈ ਸਾਹਿਬ ਲਿਖਤ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਪਤਾ—

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126-ਮਾਡਲ ਟਾਊਨ, ਲੁਧਿਆਣਾ**

**(ਜਾਂ) 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ**


---

**ਜਨਵਰੀ 'ਸੂਰਾ' ਦੇ ਟਾਈਟਲ ਤੇ ਪਟਨਾ ਸਾਹਿਬ ਦੇ ਤਿੰਨ-ਰੰਗੇ ਚਿਤਰ ਦੀ ਸੇਵਾ ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਨੇ ਕੀਤੀ।**

www.AKJ.Org

# ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## ੨੮ ਫ਼ਰਵਰੀ ਸ਼ਨੀਵਾਰ ਦਿਨੇ ਅਤੇ ਰਾਤ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ

ਹਰ ਸਾਲ ਵਾਂਗ ਬਸੰਤ ਪੰਚਮੀ ਦੇ ਸਾਲਾਨਾ ਕੀਰਤਨ ਪ੍ਰੋਗਰਾਮ ਪਟਿਆਲੇ ਵਿਖੇ ਹੋ ਰਹੇ ਹਨ, ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰ ਨੇੜੇ ਤੋਂ ਪੁਜ ਰਹੇ ਹਨ। ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਹਾਜ਼ਰੀਆਂ ਭਰ ਕੇ ਇਲਾਹੀ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ।

੨੮ ਫ਼ਰਵਰੀ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ੫ ਤੋਂ ੧੨ ਤਕ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਹਜ਼ੂਰੀ ਕੀਰਤਨ ਹੋਣਗੇ। ਸ਼ਾਮ ਨੂੰ ਪੰਜ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਆਰੰਭ ਹੋਣਗੇ ਅਤੇ ਰਾਤ ਨੂੰ ਨਾਲ ਦੇ ਹਾਲ ਵਿਚ ਰੈਣ-ਸਬਾਈ ਕੀਰਤਨ ਹੋਣਗੇ, ਜਿਸ ਦੀ ਸਮਾਪਤੀ ਐਤਵਾਰ ੨੯ ਫ਼ਰਵਰੀ ਨੂੰ ਸਵੇਰੇ ੮ ਵਜੇ ਹੋਵੇਗੀ। ਰਿਹਾਇਸ਼ ਆਦਿ ਦਾ ਪ੍ਰਬੰਧ ਦੂਖ ਨਿਵਾਰਨ ਸਾਹਿਬ ਵਿਖੇ ਹੀ ਹੋਵੇਗਾ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ ਪਟਿਆਲਾ

---

# ਪਿੰਡ ਗਿੱਲਾਂ (ਜਲੰਧਰ) ਵਿਖੇ ਰੈਣ-ਸਬਾਈ ਤੇ ਅੰਮ੍ਰਿਤ-ਸਿੰਚਾਰ ਸਮਾਗਮ

ਸ: ਗੁਰਮੇਜ ਸਿੰਘ ਜੀ ਯੂ. ਕੇ. ਇਤਲਾਹ ਦਿੰਦੇ ਹਨ ਕਿ ਪਿੰਡ ਗਿੱਲ ਦੇ ਗੁਰਦੁਆਰਾ ਸਾਹਿਬ ਵਿਖੇ ੭ ਫ਼ਰਵਰੀ ਸ਼ਨੀਵਾਰ ਸਵੇਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਬਾਰ੍ਹਾਂ ਵਜੇ ਤਕ ਅਖੰਡ ਕੀਰਤਨ ਹੋਣਗੇ ਅਤੇ ਸ਼ਾਮ ਨੂੰ ਸਾਢੇ ਸਤ ਵਜੇ ਰੈਣ-ਸਬਾਈ ਕੀਰਤਨ ਆਰੰਭ ਹੋਣਗੇ, ਜਿਸ ਦੇ ਭੋਗ ਐਤਵਾਰ ਸਵੇਰੇ ਪੈਣਗੇ। ਸ਼ਨੀਵਾਰ ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਸਮਾਗਮ ਹੋਵੇਗਾ। ਸਮੂਹ ਕੀਰਤਨੀ ਵੀਰ ਭੈਣਾਂ ਅਤੇ ਗੁਰਸਿਖ ਸੰਗਤਾਂ ਦਰਸ਼ਨ ਬਖ਼ਸ਼ ਕੇ ਧੰਨਵਾਦੀ ਬਣਾਓ ਜੀ।

ਦਾਸਰੇ—ਅਖੰਡ ਕੀਰਤਨੀ ਜੱਥਾ ਪਿੰਡ ਗਿੱਲ (ਜਲੰਧਰ ਤੋਂ ਪੰਜ ਮੀਲ)

---

# ਕੋਟਾ ਰਾਜਸਥਾਨ ਵਿਖੇ ਨਿਰਬਾਣ ਕੀਰਤਨ ਸਮਾਗਮ

ਗੁਰੂ ਪਿਆਰਿਆਂ ਗੁਰਮੁਖਾਂ ਗੁਰਸਿਖਾਂ ਦੇ ਕੀਰਤਨ-ਰਸੀਆਂ ਦੇ ਦਰਸ਼ਨਾਂ ਨੂੰ ਤਰਸਦੇ ਕੋਟਾ ਨਿਵਾਸੀ ਸੇਵਕ ਬੇਨਤੀ ਕਰਦੇ ਹਨ ਕਿ ੧੩ ਤੋਂ ੧੫ ਫ਼ਰਵਰੀ ਨੂੰ ਹੋ ਰਹੇ ਕੀਰਤਨ ਸਮਾਗਮਾਂ ਵਿਖੇ ਦਰਸ਼ਨ ਦੀਦਾਰੇ ਬਖ਼ਸ਼ ਕੇ ਦਾਸਰਿਆਂ ਨੂੰ ਨਿਵਾਜੋ ਜੀ। ਕੋਟਾ ਜੰਕਸ਼ਨ ਦਿੱਲੀ ਤੋਂ ਬੰਬੇ ਜਾਣ ਵਾਲੀ ਰੇਲਵੇ ਲਾਈਨ ਤੇ ਹੈ ਅਤੇ ਸਮਾਗਮ ਅਸਥਾਨ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ ਦੇ ਨੇੜੇ ਹੈ।

ਕੀਰਤਨ ਪ੍ਰੋਗਰਾਮ ਇਉਂ ਹਨ —

੧੩ ਫ਼ਰਵਰੀ—ਸਵੇਰੇ ੫ ਤੋਂ ੧ ਅਤੇ ਸ਼ਾਮ ੮ ਤੋਂ ੧੦ ਸਮਾਗਮ-ਅਸਥਾਨ ਵਿਖੇ

੧੪ ਫ਼ਰਵਰੀ—ਸਵੇਰੇ ੫ ਤੋਂ ੧ ਗੁ: ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਵਣਜਾਰਾ ਸੰਗਤ, ਝਾਲਾਵਾੜ ਰੋਡ। ਸ਼ਾਮ ਨੂੰ ੮ ਵਜੇ ਰੈਣ-ਸਬਾਈ ਅਰੰਭ ਸਮਾਗਮ-ਅਸਥਾਨ ਵਿਖੇ, ਐਤਵਾਰ ਸਵੇਰੇ ਸਮਾਪਤੀ।

ਦਰਸ਼ਨ ਅਭਿਲਾਖੀ ਦਾਸਰੇ—ਨਿਰਬਾਣ ਕੀਰਤਨੀ ਜੱਥਾ, ਕੋਟਾ ਜੰਕਸ਼ਨ

ਪੁਛ-ਗਿਛ—ਡਾ: ਜਗਤਾਰ ਸਿੰਘ, ਨੇੜੇ ਗੁ: ਸ੍ਰੀ ਗੁ: ਸਿੰਘ ਸਭਾ ਕੋਟਾ ਜੰਕਸ਼ਨ

www.AKJ.Org